ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

**International Daily Newspaper & WEB TV**

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 28 ਅਪ੍ਰੈਲ 2025 (ਨਾਨਕਸ਼ਾਹੀ ਸੰਮਤ : ੫੫੭, ੧੬ ਵੈਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਪੰਜਾਬ 'ਚ ਵੱਡਾ ਫੇਰਬਦਲ! ਮੁੱਖ ਜਸਟਿਸ ਸਮੇਤ 132 ਜੱਜਾਂ ਦੇ ਤਬਾਦਲੇ

**ਚੰਡੀਗੜ੍ਹ, 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਜੱਜਾਂ ਦੇ ਤਬਾਦਲੇ ਕੀਤੇ ਗਏ ਹਨ। ਜਾਣਕਾਰੀ ਮਿਲੀ ਹੈ ਕਿ ਪੰਜਾਬ-ਹਰਿਆਣਾ ਹਾਈਕੋਰਟ ਵੱਲੋਂ ਮੁੱਖ ਜਸਟਿਸ ਸਮੇਤ 132 ਜੱਜਾਂ ਦੇ ਤਬਾਦਲੇ ਕਰ ਦਿੱਤੇ ਗਏ ਹਨ। ਇਸ ਲਈ, ਜਿਨ੍ਹਾਂ ਜੱਜਾਂ ਦੇ ਤਬਾਦਲੇ ਹੋਏ ਹਨ, ਉਨ੍ਹਾਂ ਦੇ ਨਾਮਾਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ। ਸੁਰੇਸ਼ ਕੁਮਾਰ ਗੋਇਲ ਨੂੰ ਬਠਿੰਡਾ ਤੋਂ ਹੁਸ਼ਿਆਰਪੁਰ ਤਬਦੀਲ ਕਰ ਦਿੱਤਾ ਗਿਆ ਹੈ, ਜਿੱਥੇ ਉਹ ਸੀਨੀਅਰ ਸਿਵਲ ਜੱਜ ਵਜੋਂ ਅਹੁਦਾ ਸੰਭਾਲਣਗੇ।ਅਸ਼ੋਕ ਕੁਮਾਰ ਚੌਹਾਨ ਨੂੰ ਫਿਰੋਜ਼ਪੁਰ ਤੋਂ ਫਤਹਿਗੜ੍ਹ ਸਾਹਿਬ ਭੇਜਿਆ ਗਿਆ ਹੈ। ਰਾਜਵੰਤ ਕੌਰ ਦਾ ਤਬਾਦਲਾ ਕਪੂਰਥਲਾ ਤੋਂ ਪਠਾਨਕੋਟ ਅਤੇ ਗੁਰਕ੍ਰਿਪਾਲ ਸਿੰਘ ਸੇਖੋਂ ਨੂੰ ਸੰਗਰੂਰ ਤੋਂ ਬਠਿੰਡਾ ਤਬਦੀਲ ਕਰ ਦਿੱਤਾ ਗਿਆ ਹੈ। ਮਾਨਸਾ ਦੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਗੁਰਜੀਤ ਕੌਰ ਢਿੱਲੋਂ ਨੂੰ ਫਤਿਹਗੜ੍ਹ ਸਾਹਿਬ ਭੇਜ ਦਿੱਤਾ ਗਿਆ ਹੈ। ਹਿਮਾਂਸ਼ੀ ਗਲਹੋਤਰਾ ਨੂੰ ਰੂਪਨਗਰ ਤੋਂ ਫਾਜ਼ਿਲਕਾ ਤਬਦੀਲ ਕਰ ਦਿੱਤਾ ਗਿਆ ਹੈ ਅਤੇ ਉੱਥੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਨਿਯੁਕਤ ਕੀਤਾ ਗਿਆ ਹੈ। ਹੇਮ ਅੰਮ੍ਰਿਤ ਮਾਹੀ ਨੂੰ ਫਾਜ਼ਿਲਕਾ ਤੋਂ ਗੁਰਦਾਸਪੁਰ ਅਤੇ ਰਮਨੀਤ ਕੌਰ ਨੂੰ ਗੁਰਦਾਸਪੁਰ ਤੋਂ ਮਲੇਰਕੋਟਲਾ ਭੇਜਿਆ ਗਿਆ ਹੈ, ਜਿੱਥੇ ਉਹ ਨਵੀਂ ਅਦਾਲਤ ਦੀ ਸਥਾਪਨਾ ਦੇ ਹਿੱਸੇ ਵਜੋਂ ਚਾਰਜ ਸੰਭਾਲਣਗੇ। ਅਜੇ ਮਿੱਤਲ ਨੂੰ ਬਰਨਾਲਾ ਤੋਂ ਫਾਜ਼ਿਲਕਾ ਭੇਜਿਆ ਗਿਆ ਹੈ। ਅਮਨਦੀਪ ਕੌਰ-2 ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਰੂਪਨਗਰ ਤਬਦੀਲ ਕਰਕੇ ਸਿਵਲ ਜੱਜ (ਸੀਨੀਅਰ ਡਿਵੀਜ਼ਨ) ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਵਜੋਂ ਤਾਇਨਾਤ ਕੀਤਾ ਗਿਆ ਹੈ।

## ਭਾਰਤ ਦੇ ਐਕਸ਼ਨ ਪਿੱਛੋਂ ਪਾਕਿਸਤਾਨ 'ਚ ਹੜਕੰਪ

# ਡਾਕਟਰਾਂ ਦੀਆਂ ਛੁੱਟੀਆਂ ਰੱਦ, ਅਲਰਟ 'ਤੇ ਐਂਬੂਲੈਂਸਾਂ

**ਇਸਲਾਮਾਬਾਦ, 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹਿੰਦੂਆਂ ਦੇ ਕਤਲੇਆਮ ਤੋਂ ਬਾਅਦ ਸੁਰੱਖਿਆ ਬਲ ਪੂਰੀ ਤਰ੍ਹਾਂ ਹਰਕਤ ਵਿੱਚ ਹਨ। ਭਾਰਤ ਤੋਂ ਹਮਲੇ ਦੇ ਡਰ ਕਾਰਨ ਪਾਕਿਸਤਾਨ 'ਚ ਹੜਕੰਪ ਮੱਚ ਗਿਆ ਹੈ, ਜਿਸ ਕਾਰਨ ਪਾਕਿਸਤਾਨ ਸਰਕਾਰ ਚੌਕਸ ਹੋ ਗਈ ਹੈ। ਪਾਕਿ ਸਰਕਾਰ ਨੇ ਜੇਹਲਮ ਅਤੇ ਲੀਪਾ ਘਾਟੀ ਦੇ ਸਾਰੇ ਡਾਕਟਰਾਂ ਅਤੇ ਮੈਡੀਕਲ ਸਟਾਫ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ। ਐਂਬੂਲੈਂਸ ਨੂੰ ਵੀ ਅਲਰਟ 'ਤੇ ਰੱਖਿਆ ਗਿਆ ਹੈ। ਭਾਰਤ ਫੌਜ ਵੱਲੋਂ ਕਾਰਵਾਈ ਕਰਦੇ ਹੋਏ ਇਸ ਦੌਰਾਨ ਕਸ਼ਮੀਰ ਵਾਦੀ ਵਿੱਚ ਅੱਤਵਾਦੀਆਂ ਦਾ ਖਾਤਮਾ ਸ਼ੁਰੂ ਕਰ ਦਿੱਤਾ ਗਿਆ ਹੈ। ਪੁਲਵਾਮਾ ਦੇ ਤ੍ਰਾਲ ਵਿੱਚ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਆਮਿਰ ਨਜ਼ੀਰ ਦਾ ਘਰ ਢਾਹ ਦਿੱਤਾ ਗਿਆ। ਇਸ ਦੇ ਨਾਲ ਹੀ ਪੁਲਵਾਮਾ ਦੇ ਖਾਸੀਪੋਰਾ ਵਿੱਚ ਜੈਸ਼ ਦੇ ਅੱਤਵਾਦੀ ਆਮਿਰ ਨਜ਼ੀਰ ਵਾਨੀ ਦੇ ਘਰ ਨੂੰ ਉਡਾ ਦਿੱਤਾ ਗਿਆ। ਹੁਣ ਤੱਕ ਕਸ਼ਮੀਰ ਵਾਦੀ ਵਿੱਚ ਅੱਤਵਾਦੀਆਂ ਦੇ ਕੁੱਲ 9 ਘਰ ਉਡਾ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਸ਼ੋਪੀਆਂ ਜ਼ਿਲ੍ਹੇ ਦੇ ਵਾਂਦੀਨਾ ਇਲਾਕੇ ਵਿੱਚ ਅੱਤਵਾਦੀ ਅਦਨਾਨ ਸ਼ਫੀ ਦਾ ਘਰ ਢਾਹ ਦਿੱਤਾ ਗਿਆ ਸੀ। ਅਦਨਾਨ ਸ਼ਫੀ ਲਗਭਗ ਇੱਕ ਸਾਲ ਪਹਿਲਾਂ ਲਸ਼ਕਰ-ਏ-ਤੋਇਬਾ ਅੱਤਵਾਦੀ ਸੰਗਠਨ ਵਿੱਚ ਸ਼ਾਮਲ ਹੋਇਆ ਸੀ। ਇਸ ਤੋਂ ਪਹਿਲਾਂ ਕੁਪਵਾੜਾ ਵਿੱਚ ਅੱਤਵਾਦੀ ਫਾਰੂਕ ਅਹਿਮਦ ਦੇ ਘਰ ਨੂੰ ਉਡਾ ਦਿੱਤਾ ਗਿਆ ਸੀ। ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ 26 ਹਿੰਦੂਆਂ ਦੇ ਕਤਲੇਆਮ ਤੋਂ ਬਾਅਦ, ਭਾਰਤ ਸਰਕਾਰ ਨੇ ਇੱਕ ਹੋਰ ਸਖ਼ਤ ਕਦਮ ਚੁੱਕਿਆ ਹੈ। ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ, ਸਰਕਾਰ ਨੇ ਪਾਕਿਸਤਾਨੀ ਨਾਗਰਿਕਾਂ ਦੇ ਚਾਰਧਾਮ ਜਾਣ 'ਤੇ ਪਾਬੰਦੀ ਲਗਾ ਦਿੱਤੀ ਹੈ। ਸਰਕਾਰ ਦੇ ਇਸ ਫੈਸਲੇ ਤੋਂ ਬਾਅਦ, ਚਾਰਧਾਮ ਯਾਤਰਾ ਲਈ ਰਜਿਸਟ੍ਰੇਸ਼ਨ ਕਰਵਾਉਣ ਵਾਲੇ 77 ਪਾਕਿਸਤਾਨੀ ਹਿੰਦੂ ਸ਼ਰਧਾਲੂ ਹੁਣ ਯਾਤਰਾ ਨਹੀਂ ਕਰ ਸਕਣਗੇ। ਭਾਰਤੀ ਹਮਲੇ ਦੇ ਡਰ ਕਾਰਨ ਪਾਕਿਸਤਾਨ ਬਹੁਤ ਘਬਰਾ ਗਿਆ ਹੈ। ਇਸਨੇ ਮਕਬੂਜ਼ਾ ਕਸ਼ਮੀਰ ਵਿੱਚ ਸਥਿਤ ਜੇਹਲਮ ਅਤੇ ਲੀਪਾ ਵੈਲੀਆਂ ਦੇ ਸਾਰੇ ਡਾਕਟਰਾਂ ਅਤੇ ਮੈਡੀਕਲ ਸਟਾਫ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ। ਐਂਬੂਲੈਂਸ ਨੂੰ ਵੀ ਅਲਰਟ 'ਤੇ ਰੱਖਿਆ ਗਿਆ ਹੈ।



## ਇਸਲਾਮਾਬਾਦ, ਕਰਾਚੀ, ਰਾਵਲਪਿੰਡੀ...ਪਾਕਿਸਤਾਨ ਦੇ ਰੱਖਿਆ ਮੰਤਰੀ ਨੇ ਕਿਹਾ- 'ਗੁਪਤ ਸੂਚਨਾ ਹੈ, ਭਾਰਤ ਕਰੇਗਾ ਸ਼ਹਿਰਾਂ 'ਤੇ ਹਮਲਾ'

**ਇਸਲਾਮਾਬਾਦ, 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਦੇ ਕੜੇ ਫੈਸਲਿਆਂ ਨੇ ਪਾਕਿਸਤਾਨ ਨੂੰ ਬੇਹਾਲ ਕਰ ਦਿੱਤਾ ਹੈ। ਭਾਰਤ ਨੂੰ ਗਿੱਦੜ ਧਮਕੀਆਂ ਦਿੰਦੇ ਹੋਏ ਇਸ ਦੇਸ਼ ਦੇ ਨੇਤਾਵਾਂ ਦੇ ਹੁਣ ਸੁਰ ਬਦਲਣ ਲੱਗ ਪਏ ਹਨ। ਸਿੰਧੂ ਜਲ ਸਮਝੌਤਾ ਅਸਥਾਈ ਤੌਰ 'ਤੇ ਰੋਕੇ ਜਾਣ ਕਾਰਨ ਪਾਕਿਸਤਾਨ ਵਿੱਚ ਹੜਕੰਪ ਮਚ ਗਿਆ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਮੁਹੰਮਦ ਆਸਿਫ ਨੇ ਸਮਾ ਟੀਵੀ ਨਾਲ ਗੱਲਬਾਤ ਕਰਦਿਆਂ ਕਿਹਾ, "ਪਾਕਿਸਤਾਨ ਨਾ ਤਾਂ ਸੰਘਰਸ਼ ਚਾਹੁੰਦਾ ਹੈ ਅਤੇ ਨਾ ਹੀ ਉਹ ਪ੍ਰਮਾਣੂ ਊਰਜਾ ਦੀ ਵਰਤੋਂ ਬਾਰੇ ਵਿਚਾਰ ਕਰ ਰਿਹਾ ਹੈ।" ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਾਕਿਸਤਾਨ ਕੋਲ ਜੋ ਪ੍ਰਮਾਣੂ ਸਮਰੱਥਾ ਹੈ, ਉਹ ਮਹੱਤਵਪੂਰਨ ਤੌਰ 'ਤੇ ਪਾਕਿਸਤਾਨ ਦੇ ਵਜੂਦ ਦੀ ਗਾਰੰਟੀ ਹੈ। ਖਵਾਜਾ ਆਸਿਫ ਨੇ ਕਿਹਾ ਕਿ ਅਸੀਂ ਇਸ ਲਈ ਪ੍ਰਮਾਣੂ ਸ਼ਕਤੀ ਨਹੀਂ ਹਾਂ ਕਿ ਅਸੀਂ ਜੰਗ ਚਾਹੁੰਦੇ ਹਾਂ। ਅਸੀਂ ਪ੍ਰਮਾਣੂ ਬੰਬ ਇਸ ਲਈ ਬਣਾਏ ਤਾਂ ਜੋ ਅਸੀਂ ਆਪਣੀ ਸੰਪ੍ਰਭੂਤਾ ਨੂੰ ਬਰਕਰਾਰ ਰੱਖ ਸਕੀਏ। ਉਨ੍ਹਾਂ ਅੱਗੇ ਕਿਹਾ ਕਿ ਸਾਡਾ ਭਾਰਤ ਨਾਲ ਜੰਗ ਕਰਨ ਦਾ ਕੋਈ ਇਰਾਦਾ ਨਹੀਂ ਹੈ, ਪਰ ਜੇਕਰ ਭਾਰਤ ਨੇ ਸਾਡੇ 'ਤੇ ਹਮਲਾ ਕੀਤਾ ਤਾਂ ਅਸੀਂ ਵੀ ਪਿੱਛੇ ਨਹੀਂ ਹਟਾਂਗੇ। ਪਾਕਿਸਤਾਨ ਮੂੰਹਤੋੜ ਜਵਾਬ ਦੇਵੇਗਾ। ਉਹਨਾਂ ਕਿਹਾ, "ਭਾਰਤ ਖੈਬਰ ਪਖਤੂਨਖਵਾ ਅਤੇ ਬਲੋਚਿਸਤਾਨ ਵਿੱਚ ਖੂਨ-ਖਰਾਬੇ ਦਾ ਸਮਰਥਨ ਕਰ ਰਿਹਾ ਹੈ। ਬੀਐਲਏ ਅਤੇ ਟੀਟੀਪੀ ਭਾਰਤ ਦੇ ਨੁਮਾਇੰਦਿਆਂ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਦਾ ਮਕਸਦ ਪਾਕਿਸਤਾਨ ਦੇ ਸਾਰੇ ਚਾਰ ਸੂਬਿਆਂ ਵਿੱਚ ਅਰਾਜਕਤਾ ਫੈਲਾਉਣਾ ਹੈ।" ਪਾਕਿਸਤਾਨ ਦੇ ਰੱਖਿਆ ਮੰਤਰੀ ਨੇ ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ ਦੀਆਂ ਘਟਨਾਵਾਂ ਵੱਲ ਇਸ਼ਾਰਾ ਕਰਦੇ ਹੋਏ ਭਾਰਤ 'ਤੇ ਅੱਤਵਾਦ ਨੂੰ ਪ੍ਰੋਤਸਾਹਨ ਦੇਣ ਦਾ ਗਲੋਬਲ ਟਰੈਕ ਰਿਕਾਰਡ ਹੋਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਗੁਜਰਾਤ ਦੰਗਿਆਂ ਵਿੱਚ ਕਥਿਤ ਸ਼ਮੂਲੀਅਤ ਕਾਰਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਇੱਕ ਵਾਰੀ ਅਮਰੀਕਾ ਵਿੱਚ ਦਾਖਲੇ 'ਤੇ ਪਾਬੰਦੀ ਲੱਗੀ ਸੀ। ਭਾਰਤ ਦੇ ਸਿੰਧੂ ਜਲ ਸਮਝੌਤਾ ਨੂੰ ਰੱਦ ਕਰਨ 'ਤੇ ਖ਼ਵਾਜਾ ਆਸਿਫ਼ ਨੇ ਕਿਹਾ ਕਿ ਇਹ ਬਹੁਤ ਹੀ ਖ਼ਤਰਨਾਕ ਹੈ। ਪਾਕਿਸਤਾਨ ਇਸ ਮਾਮਲੇ ਨੂੰ ਅੰਤਰਰਾਸ਼ਟਰੀ ਅਦਾਲਤ ਵਿੱਚ ਲੈ ਜਾਵੇਗਾ।



## ਇਕ-ਇਕ ਘਰ ਕੇ ਸੁਆਹ ਹੋ ਗਈਆਂ 400 ਝੌਂਪੜੀਆਂ, 2 ਲੋਕਾਂ ਦੀ ਹੋਈ ਦਰਦਨਾਕ ਮੌਤ



**ਨਵੀਂ ਦਿੱਲੀ, 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੇ ਰੋਹਿਣੀ ਇਲਾਕੇ ਵਿੱਚ ਐਤਵਾਰ ਸਵੇਰੇ ਝੁੱਗੀਆਂ-ਝੌਂਪੜੀਆਂ ਵਿੱਚ ਲੱਗੀ ਭਿਆਨਕ ਅੱਗ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ। ਦਿੱਲੀ ਫਾਇਰ ਸਰਵਿਸ (ਡੀ.ਐੱਫ.ਐੱਸ.) ਦੇ ਅਧਿਕਾਰੀਆਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੂੰ ਘਟਨਾ ਬਾਰੇ ਸਵੇਰੇ 11:55 ਵਜੇ ਦੇ ਕਰੀਬ ਜਾਣਕਾਰੀ ਮਿਲੀ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਦੀਆਂ 20 ਗੱਡੀਆਂ ਮੌਕੇ 'ਤੇ ਪਹੁੰਚੀਆਂ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ, "ਹੁਣ ਤੱਕ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ।" ਇਲਾਕੇ ਵਿੱਚੋਂ ਧੂੰਏਂ ਦਾ ਇੱਕ ਸੰਘਣਾ ਬੱਦਲ ਉੱਠਦਾ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਫਾਇਰ ਫਾਈਟਰਜ਼ ਇਸ ਸਮੇਂ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਸਥਿਤੀ ਨੂੰ ਕਾਬੂ ਵਿੱਚ ਲਿਆਉਣ ਲਈ ਕਾਰਵਾਈ ਜਾਰੀ ਹੈ। ਪੁਲਸ ਅਨੁਸਾਰ ਇਸ ਘਟਨਾ ਵਿੱਚ 400 ਝੌਂਪੜੀਆਂ ਸੜ ਗਈਆਂ। ਰੋਹਿਣੀ ਦੇ ਡਿਪਟੀ ਕਮਿਸ਼ਨਰ ਆਫ਼ ਪੁਲਸ ਅਮਿਤ ਗੋਇਲ ਨੇ ਕਿਹਾ, "ਪੁਲਸ ਅਤੇ ਫਾਇਰ ਵਿਭਾਗ ਦੀਆਂ ਕਈ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਘਟਨਾ ਸਥਾਨ 'ਤੇ ਹੁਣ ਕੂਲਿੰਗ ਆਪ੍ਰੇਸ਼ਨ ਚੱਲ ਰਹੇ ਹਨ। ਦੋ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ।" ਉਨ੍ਹਾਂ ਕਿਹਾ ਕਿ ਵਿਸਤ੍ਰਿਤ ਜਾਣਕਾਰੀ ਦੀ ਉਡੀਕ ਹੈ।

## 'ਪੰਜਾਬ 'ਚ ਇਹ ਸਭ ਨਹੀਂ ਚੱਲੇਗਾ...', ਕਸ਼ਮੀਰੀ ਵਿਦਿਆਰਥੀਆਂ ਦੇ ਹੱਕ 'ਚ ਨਿੱਤਰੇ ਪੰਜਾਬੀ

**ਜਲੰਧਰ/ਚੰਡੀਗੜ੍ਹ, 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿਚ 26 ਸੈਲਾਨੀ ਮਾਰੇ ਗਏ। ਹਮਲੇ ਮਗਰੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਦੀ ਸਥਿਤੀ ਪੈਦਾ ਹੋ ਗਈ ਹੈ, ਉਥੇ ਹੀ ਪੰਜਾਬ ਦੇ ਵਿਦਿਅਕ ਅਦਾਰਿਆਂ ਨੇ ਕਸ਼ਮੀਰੀ ਵਿਦਿਆਰਥੀਆਂ ਵਿਰੁੱਧ ਕਥਿਤ ਤੌਰ 'ਤੇ ਅਣਸੁਖਾਵੀਆਂ ਘਟਨਾਵਾਂ ਕਾਰਨ ਚੌਕਸੀ ਵਧਾ ਦਿੱਤੀ ਹੈ। ਪੰਜਾਬ ਵਿਚ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ। ਪਹਿਲਗਾਮ ਹਮਲੇ ਮਗਰੋਂ ਇਕ-ਦੋ ਮਾਮਲੇ ਹੀ ਅਜਿਹੇ ਸਾਹਮਣੇ ਆਏ ਸਨ, ਜਿੱਥੇ ਕੁਝ ਸਥਾਨਕ ਵਿਦਿਆਰਥੀਆਂ ਅਤੇ ਕਸ਼ਮੀਰੀ ਵਿਦਿਆਰਥੀਆਂ ਵਿਚਕਾਰ ਝੜਪਾਂ ਦੀਆਂ ਰਿਪੋਰਟਾਂ ਆਈਆਂ ਸਨ। ਇਸ ਮਗਰੋਂ ਨਾ ਸਿਰਫ਼ ਪੁਲਸ ਅਤੇ ਪ੍ਰਸ਼ਾਸਨ ਮਾਹੌਲ ਸ਼ਾਂਤ ਰੱਖਣ ਲਈ ਸਰਗਰਮ ਹੋ ਗਿਆ, ਸਗੋਂ ਸਿੱਖ ਜਥੇਬੰਦੀਆਂ ਅਤੇ ਹੋਰ ਪੰਜਾਬੀਆਂ ਵੱਲੋਂ ਵੀ ਕਸ਼ਮੀਰੀ ਵਿਦਿਆਰਥੀਆਂ ਦਾ ਬਚਾਅ ਕਰਦਿਆਂ ਰਲ਼-ਮਿਲ਼ ਕੇ ਰਹਿਣ ਦੀ ਗੱਲ ਆਖ਼ੀ ਗਈ ਹੈ। ਇਕ ਖਰੜ ਵਿੱਚ ਅਤੇ ਦੂਜਾ ਡੇਰਾ ਬੱਸੀ ਤੋਂ ਸਾਹਮਣੇ ਆਇਆ। ਖਰੜ ਵਿੱਚ ਪਹਿਲਗਾਮ ਘਟਨਾ ਦਾ ਹਵਾਲਾ ਦਿੰਦੇ ਹੋਏ ਕੁਝ ਮੁੰਡਿਆਂ ਵੱਲੋਂ ਦੋ ਵਿਦਿਆਰਥਣਾਂ ਨੂੰ ਪਰੇਸ਼ਾਨ ਕੀਤਾ ਗਿਆ। ਕੁਝ ਸਥਾਨਕ ਵਿਦਿਆਰਥੀਆਂ ਅਤੇ ਕਸ਼ਮੀਰੀ ਵਿਦਿਆਰਥੀਆਂ ਵਿਚਕਾਰ ਝੜਪਾਂ ਦੀਆਂ ਰਿਪੋਰਟਾਂ ਆਈਆਂ ਹਨ। ਨੈਸ਼ਨਲ ਸਟੂਡੈਂਟਸ ਯੂਨੀਅਨ ਆਫ਼ ਇੰਡੀਆ (ਐੱਨ. ਐੱਸ. ਯੂ. ਆਈ) ਅਤੇ ਸਿੱਖ ਜਥੇਬੰਦੀਆਂ ਨੇ ਇਨ੍ਹਾਂ ਕਾਰਵਾਈਆਂ ਦੀ ਨਿੰਦਾ ਕੀਤੀ ਹੈ ਅਤੇ ਫਿਰਕੂ ਸਦਭਾਵਨਾ ਬਣਾਈ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਐੱਨ. ਐੱਸ. ਯੂ. ਆਈ. ਪੰਜਾਬ ਦੇ ਪ੍ਰਧਾਨ ਈਸ਼ਰਪ੍ਰੀਤ ਸਿੰਘ ਸਿੱਧੂ ਨੇ ਵਿਦਿਆਰਥੀ ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਪੰਜਾਬ ਵਿਚ ਅਜਿਹਾ ਕੁਝ ਨਹੀਂ ਹੋਣ ਦੇਵਾਂਗੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਵੀ ਮੇਰੀ ਭੈਣ ਜਾਂ ਹੋਰਾਂ ਭੈਣਾਂ ਨੂੰ ਤੰਗ-ਪਰੇਸ਼ਾਨ ਕੀਤਾ ਤਾਂ ਉਸ ਦਾ ਹਾਲ ਬੇਹੱਦ ਬੁਰਾ ਹੋਵੇਗਾ। ਇਸ ਦੇ ਇਲਾਵਾ ਵਿਦਿਆਰਥਣ ਦੇ ਹੱਕ ਵਿਚ ਕੁਝ ਸਿੱਖ ਜਥੇਬੰਦੀਆਂ ਵੀ ਆਈਆਂ ਹਨ। ਇਸ ਦੌਰਾਨ ਵਿਦਿਆਰਥਣ ਨੇ ਹੱਡਬੀਤੀ ਦੱਸਦਿਆਂ ਕਿਹਾ ਕਿ ਹਮਲੇ ਤੋਂ ਬਾਅਦ ਸਥਿਤੀ ਥੋੜ੍ਹੀ ਬਦਲ ਗਈ ਹੈ, ਜਿਸ ਯੂਨੀਵਰਸਿਟੀ ਵਿੱਚ ਉਹ ਪੜ੍ਹਦੀ ਹੈ, ਉੱਥੇ ਵੀ ਸਥਾਨਕ ਲੋਕ ਉਸ ਨਾਲ ਗਲਤ ਵਿਵਹਾਰ ਕਰ ਰਹੇ ਹਨ। ਜਿਵੇਂ ਹੀ ਉਹ ਆਪਣੇ ਕਮਰੇ ਵਿੱਚ ਪਹੁੰਚੀ, ਸਥਾਨਕ ਲੋਕਾਂ ਨੇ ਉਸ ਦਾ ਦਰਵਾਜ਼ਾ ਖੜਕਾਉਣਾ ਸ਼ੁਰੂ ਕਰ ਦਿੱਤਾ। ਵਿਦਿਆਰਥਣ ਨੇ ਅੱਗੇ ਕਿਹਾ ਕਿ ਉਸ ਨੂੰ ਦਰਵਾਜ਼ਾ ਖੋਲ੍ਹਣ ਲਈ ਕਿਹਾ ਗਿਆ। ਜਦੋਂ ਉਸ ਨੇ ਦਰਵਾਜ਼ਾ ਖੋਲ੍ਹਿਆ, ਤਾਂ ਉਹ ਉਸ ਉੱਤੇ ਹਮਲੇ ਦਾ ਦੋਸ਼ ਲਾਉਣ ਲੱਗ ਪਏ। ਉਸ ਨੂੰ ਅੱਤਵਾਦੀ ਤੱਕ ਕਹਿਣਾ ਸ਼ੁਰੂ ਕਰ ਦਿੱਤਾ ਗਿਆ। ਇੱਕ ਦਿਨ ਕਮਰਾ ਬਦਲਣ ਤੋਂ ਬਾਅਦ, ਉਹ ਬਹੁਤ ਬੇਚੈਨ ਮਹਿਸੂਸ ਕਰਨ ਲੱਗੀ। ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪੁਲਸ ਹਰਕਤ ਵਿੱਚ ਆ ਗਈ ਹੈ। ਸੀਨੀਅਰ ਪੁਲਸ ਅਧਿਕਾਰੀਆਂ ਨੇ ਕਸ਼ਮੀਰੀ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਪੁਲਸ ਨੇ ਸਾਰੇ ਕੈਂਪਸਾਂ ਦਾ ਦੌਰਾ ਕੀਤਾ ਹੈ। ਸਾਂਝੇ ਵਟਸਐਪ ਗਰੁੱਪ ਬਣਾਏ ਗਏ ਹਨ। ਵਿਦਿਆਰਥੀਆਂ ਨੂੰ ਹੈਲਪਲਾਈਨ ਨੰਬਰ 112 ਰਾਹੀਂ ਵੀ ਤੁਰੰਤ ਰਾਹਤ ਪ੍ਰਦਾਨ ਕੀਤੀ ਜਾਵੇਗੀ।



## ਗੁਰੂ ਦਾ ਅਸਲੀ ਸਿੱਖ ਵਿਅਕਤੀ ਕਦੇ ਵੀ ਆਪਣਾ ਧਰਮ ਨਹੀਂ ਕਰਦਾ

**ਜਲੰਧਰ, 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਆਪਣੀ ਟੀਮ ਨਾਲ ਜਲੰਧਰ ਵਿਖੇ ਅਰਬਨ ਅਸਟੇਟ ਗੁਰਦੁਆਰਾ ਸਾਹਿਬ ਪਹੁੰਚੇ। ਉਨ੍ਹਾਂ ਨੂੰ ਸ੍ਰੀ ਗੁਰੂਦੁਆਰਾ ਸਾਹਿਬ ਵਿਖੇ ਆਯੋਜਿਤ ਇਕ ਪ੍ਰੋਗਰਾਮ ਵਿੱਚ ਸੱਦਾ ਦਿੱਤਾ ਗਿਆ ਸੀ। ਪ੍ਰੋਗਰਾਮ ਵਿਚ ਹਿੱਸਾ ਲੈਣ ਤੋਂ ਬਾਅਦ ਉਨ੍ਹਾਂ ਕਈ ਅਹਿਮ ਮੁੱਦਿਆਂ 'ਤੇ ਮੀਡੀਆ ਨਾਲ ਗੱਲਬਾਤ ਵੀ ਕੀਤੀ। ਇਸ ਦੌਰਾਨ ਧਰਮ ਪਰਿਵਰਤਨ ਨੂੰ ਲੈ ਕੇ ਜਥੇਦਾਰ ਗੜਗੱਜ ਨੇ ਵੱਡਾ ਬਿਆਨ ਦਿੰਦੇ ਹੋਏ ਕਿਹਾ ਕਿ ਗੁਰੂ ਦਾ ਅਸਲੀ ਸਿੱਖ ਵਿਅਕਤੀ ਕਦੇ ਵੀ ਆਪਣਾ ਧਰਮ ਨਹੀਂ ਕਰਦਾ। ਜਿਹੜੇ ਲੋਕ ਸਿੱਖਾਂ ਦੇ ਇਤਿਹਾਸ ਨੂੰ ਨਹੀਂ ਸਮਝਦੇ, ਉਹ ਧਰਮ ਪਰਿਵਰਤਨ ਵਰਗੀਆਂ ਅਜਿਹੀਆਂ ਹਰਕਤਾਂ ਕਰਦੇ ਹਨ। ਸਾਡਾ ਇਤਿਹਾਸ ਸਾਨੂੰ ਖੋਪੜੀ ਲਹਾਉਣੀ ਸਿਖਾਉਂਦਾ ਹੈ, ਦਸਤਾਰ ਨਹੀਂ। ਸਾਨੂੰ ਕਿਸੇ ਨਾਲ ਨਫ਼ਰਤ ਕਰਨ ਦੀ ਲੋੜ ਨਹੀਂ ਹੈ, ਗੁਰੂ ਸਾਹਿਬਾਨ ਨੇ ਵੀ ਇਸ ਤਰੀਕੇ ਨਾਲ ਸਾਨੂੰ ਸਾਰਿਆਂ ਦੇ ਨੇੜੇ ਲਿਆਂਦਾ। ਅਸੀਂ ਕਿਸੇ ਨੂੰ ਨਫ਼ਰਤ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਸਾਡੇ ਗੁਰੂਆਂ ਦੇ ਬਚਨ ਸਾਨੂੰ ਇਕਜੁੱਟ ਰਹਿਣ ਦਾ ਉਦੇਸ਼ ਦਿੰਦੇ ਹਨ। ਇਹ ਸਾਨੂੰ ਇੱਕਜੁੱਟ ਰਹਿਣ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦਾ ਉਪਦੇਸ਼ ਦਿੰਦੇ ਹਨ। ਜਦੋਂ ਅਸੀਂ ਗੁਰੂ ਤੋਂ ਦੂਰ ਜਾਂਦੇ ਹਾਂ ਤਾਂ ਬੁਰਾਈਆਂ ਸਾਡੇ ਅੰਦਰ ਪ੍ਰਵੇਸ਼ ਕਰਦੀਆਂ ਹਨ। ਸਾਡਾ ਮਿਸ਼ਨ ਗੁਰੂ ਦੇ ਨੇੜੇ ਜਾਣਾ ਅਤੇ ਉਸ ਦੇ ਪੈਰੋਕਾਰ ਬਣਨਾ ਹੈ। ਸਾਨੂੰ ਇਸ 'ਤੇ ਭਾਈਚਾਰੇ ਤੋਂ ਪੂਰਾ ਸਮਰਥਨ ਮਿਲ ਰਿਹਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਲੋਕਾਂ ਨੂੰ ਦਸਵੰਧ ਕੱਢ ਕੇ ਗਰੀਬਾਂ ਦੀ ਮਦਦ ਕਰਨੀ ਚਾਹੀਦੀ ਹੈ। ਇਹ ਮਦਦ ਧਰਮ ਵੱਲ ਵੇਖੇ ਬਿਨਾਂ ਦਿੱਤੀ ਜਾਣੀ ਚਾਹੀਦੀ ਹੈ। ਜਦੋਂ ਅਸੀਂ ਗੁਰੂਆਂ ਬਾਰੇ ਗੱਲ ਕਰਦੇ ਹਾਂ ਤਾਂ ਸਾਡੇ ਲੋਕ ਵੀ ਸਾਡੇ ਨਾਲ ਆਉਂਦੇ ਹਨ। ਗੁਰੂ ਦੇ ਸ਼ਬਦਾਂ ਦਾ ਪ੍ਰਭਾਵ ਹੁੰਦਾ ਹੈ, ਇਸ ਲਈ ਸਾਨੂੰ ਗੁਰੂ ਦੇ ਸ਼ਬਦਾਂ ਨੂੰ ਲੋਕਾਂ ਤੱਕ ਪਹੁੰਚਾਉਣਾ ਪੈਂਦਾ ਹੈ। ਪਹਿਲਗਾਮ ਹਮਲੇ ਬਾਰੇ ਬੋਲਦੇ ਹੋਏ ਗੜਗੱਜ ਨੇ ਕਿਹਾ ਕਿ ਪ੍ਰਮਾਤਮਾ ਉਨ੍ਹਾਂ ਲੋਕਾਂ ਨੂੰ ਆਪਣੇ ਚਰਨਾਂ 'ਚ ਜਗ੍ਹਾ ਦੇਵੇ, ਜਿਨ੍ਹਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ। ਇਹ ਅਸਹਿ ਦਰਦ ਹੈ। ਇਹ ਜੋ ਵੀ ਹੋਇਆ ਬਹੁਤ ਗਲਤ ਹੋਇਆ। ਦੁਨੀਆ 'ਚ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ, ਕਿਸੇ ਨੂੰ ਵੀ ਕਿਸੇ ਦੀ ਜਾਨ ਲੈਣ ਦਾ ਕੋਈ ਹੱਕ ਨਹੀਂ ਹੈ। ਸੱਚੇ ਪਾਤਸ਼ਾਹ ਅੱਗੇ ਅਰਦਾਸ ਹੈ ਕਿ ਸਾਰੀ ਦੁਨੀਆ 'ਚ ਸੁੱਖ ਸ਼ਾਂਤੀ ਰਹੇ।



# ਜਥੇਦਾਰਾਂ ਦੀ ਬਹਾਲੀ ਲਈ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ 'ਤੇ 500 ਸਿੰਘਾਂ ਦਾ ਜਥਾ ਹਰ ਮਹੀਨੇ ਪੁੱਜ ਕੇ ਰੋਸ ਪ੍ਰਗਟਾਏਗਾ: ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

## ਪੰਥ ਦੀਆ ਭਾਵਨਾਵਾਂ ਨੂੰ ਦਰਕਿਨਾਰ ਕਰਦਿਆਂ ਲਗਾਏ ਗਏ 'ਜਥੇਦਾਰਾਂ' ਦਾ ਬਾਈਕਾਟ ਕੀਤਾ ਜਾਵੇ







ਚੌਕ ਮਹਿਤਾ, ਅੰਮ੍ਰਿਤਸਰ, 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)- ਤਿੰਨ ਤਖ਼ਤ ਸਾਹਿਬਾਨ ਦੇ ਹਟਾਏ ਗਏ ਜਥੇਦਾਰਾਂ ਦੀ ਬਹਾਲੀ ਲਈ ਸ਼੍ਰੋਮਣੀ ਕਮੇਟੀ ਨੂੰ 10 ਮਈ ਤਕ ਦਾ ਅਲਟੀਮੇਟਮ ਦਿੰਦਿਆਂ ਅਜਿਹਾ ਨਾ ਹੋਣ ਦੀ ਸੂਰਤ ਵਿਚ 11 ਜੂਨ ਤੋਂ ਸ਼ੁਰੂ ਹੋਕੇ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ 500 ਗੁਰਸਿੱਖਾਂ ਦਾ ਜਥਾ ਪਿੰਡ ਬਾਦਲ ਪਹੁੰਚ ਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ 'ਤੇ ਗੁਰਬਾਣੀ ਦਾ ਜਾਪ ਕਰੇਗਾ ਅਤੇ ਰੋਸ ਪ੍ਰਗਟਾਵਾ ਕਰੇਗਾ। ਇਹ ਫ਼ੈਸਲਾ ਸੰਤ ਸਮਾਜ ਦੇ ਪ੍ਰਧਾਨ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਵਿੱਚ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੇ ਚੋਣਵੇਂ ਮਹਾਂਪੁਰਖਾਂ ਦੀ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਖੇ ਹੋਈ ਮੀਟਿੰਗ ਵਿਚ ਲਿਆ ਗਿਆ। ਇਸ ਮੌਕੇ ਹਾਜ਼ਰ ਸਮੂਹ ਸੰਤ ਮਹਾਂਪੁਰਖਾਂ, ਸਿੱਖ ਸੰਗਤਾਂ ਤੇ ਜਥੇਬੰਦੀਆਂ ਨੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੂੰ 15 ਅਪ੍ਰੈਲ ਤਕ ਬਹਾਲ ਕਰਨ ਪ੍ਰਤੀ ਸ਼੍ਰੋਮਣੀ ਕਮੇਟੀ ਵੱਲੋਂ ਸੰਤ ਸਮਾਜ ਨੂੰ ਦਿੱਤੇ ਗਏ ਭਰੋਸੇ ਨੂੰ ਪੂਰਾ ਨਾ ਕਰਨ ਲਈ ਸਖ਼ਤ ਆਲੋਚਨਾ ਕੀਤੀ ਤੇ ਭਾਰੀ ਰੋਸ ਪ੍ਰਗਟਾਇਆ। ਇਹ ਭਰੋਸਾ ਸ਼੍ਰੋਮਣੀ ਕਮੇਟੀ ਨੇ ਸੰਤ ਸਮਾਜ ਵੱਲੋਂ ਸ. ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 28 ਮਾਰਚ ਨੂੰ ਦਿੱਤੇ ਗਏ ਰੋਸ ਧਰਨੇ ਮੌਕੇ ਦਿੱਤਾ ਸੀ, ਜਦੋਂ ਕਿ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਸਿੰਘ ਗਿਆਨੀ ਰਘਬੀਰ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਉਹਨਾਂ ਦੇ ਅਹੁਦਿਆਂ ਉੱਪਰ ਬਹਾਲ ਕੀਤੇ ਜਾਣ ਦੀ ਸੰਗਤ ਨੇ ਮੰਗ ਕੀਤੀ ਸੀ। ਇਸ ਸਬੰਧੀ ਉਹਨਾਂ ਵੱਲੋਂ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਨੂੰ 15 ਅਪ੍ਰੈਲ ਤੱਕ ਦਾ ਸਮਾਂ ਦਿੱਤਾ ਗਿਆ ਸੀ।


### ਜਥੇਦਾਰਾਂ ਨੂੰ ਬਹਾਲ ਨਾ ਕਰਨ 'ਤੇ ਸੰਤ ਸਮਾਜ ਨੇ ਲਿਆ ਸਖ਼ਤ ਫ਼ੈਸਲਾ, 11 ਜੂਨ ਤੋਂ ਹਰ ਮਹੀਨੇ ਜਾਣਗੇ ਬਾਦਲ ਪਿੰਡ ਜਥੇ

ਆਵਾਜ਼ਿ ਕੌਮ AWAZE QAUM International Newspaper & WEB TV

ਸੰਤ ਸਮਾਜ ਦੇ ਪ੍ਰਧਾਨ ਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਬਾਦਲ ਪਿੰਡ ਦੇ ਰੋਸ ਸਮਾਗਮ ਵਿੱਚ ਸ਼ਾਮਿਲ ਹੋਣ ਵਾਲੇ ਜਥਿਆਂ ਲਈ ਜਲ ਪਾਣੀ, ਪ੍ਰਸਾਦਾ ਅਤੇ ਬੈਠਣ ਦਾ ਪ੍ਰਬੰਧ ਸੰਗਤ ਵੱਲੋਂ ਕੀਤਾ ਜਾਵੇਗਾ। ਜੂਨ ਮਹੀਨੇ ਘੱਲੂਘਾਰਾ ਸਮਾਗਮਾਂ ਦੇ ਕਾਰਨ, ਪਹਿਲਾ ਜਥਾ 11 ਜੂਨ ਨੂੰ ਪਿੰਡ ਬਾਦਲ ਜਾਵੇਗਾ ਜਦੋਂ ਕੇ ਜੁਲਾਈ ਮਹੀਨੇ ਤੋਂ ਹਰ ਮਹੀਨੇ ਪਹਿਲੇ ਐਤਵਾਰ ਜਥਾ ਜਾਇਆ ਕਰੇਗਾ। ਇਸ ਮੌਕੇ ਸਮੂਹ ਸੰਗਤਾਂ ਨੂੰ ਵਿਧੀ ਵਿਧਾਨ, ਪੰਥਕ ਰਵਾਇਤੀ ਅਤੇ ਪੰਥ ਦੀ ਅਸਹਿਮਤੀ ਨਾਲ 'ਜਥੇਦਾਰ' ਥਾਪੇ ਗਏ ਭਾਈ ਕੁਲਦੀਪ ਸਿੰਘ ਗੜਗੱਜ ਅਤੇ ਬਾਬਾ ਟੇਕ ਸਿੰਘ ਧਨੌਲਾ ਦਾ ਪੂਰਨ ਬਾਈਕਾਟ ਕਰਨ ਦੀ ਵੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਵਿਅਕਤੀ ਵਿਸ਼ੇਸ਼ ਵੱਲੋਂ ਹੰਕਾਰ ਅਤੇ ਜ਼ਿਦ ਪੁਗਾਉਣ ਲਈ. ਸਿੱਖੀ ਸਿਧਾਂਤ ਨੂੰ ਢਾਹ ਲਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਪੰਥਕ ਇਕੱਠ ਇਨ੍ਹਾਂ ਨਿਯੁਕਤੀਆਂ ਨੂੰ ਪਹਿਲਾਂ ਹੀ ਰੱਦ ਕਰ ਚੁੱਕੀ ਹੈ। ਇਸ ਦੇ ਨਾਲ ਹੀ ਜੋ ਵੀ ਸ਼੍ਰੋਮਣੀ ਕਮੇਟੀ ਮੈਂਬਰ ਜਾਂ ਅਹੁਦੇਦਾਰ ਇਹਨਾਂ 'ਜਥੇਦਾਰਾਂ' ਨੂੰ ਸੰਗਤਾਂ ਵਿੱਚ ਜਾਂ ਸਮਾਗਮਾਂ ਵਿਚ ਲੈ ਕੇ ਆਉਂਦੇ ਹਨ ਓਨਾ ਦਾ ਵੀ ਪੂਰਨ ਬਾਈਕਾਟ ਕੀਤਾ ਜਾਵੇ। ਇਸ ਮੌਕੇ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸਮੇਸ਼ ਤਰਨਾ ਦਲ, ਬਾਬਾ ਗੁਰਭੇਜ ਸਿੰਘ ਖੁਜਾਲਾ ਸੰਪਰਦਾਇ ਹਰਖੋਵਾਲ ਮੁੱਖ ਬੁਲਾਰਾ ਸੰਤ ਸਮਾਜ, ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵੱਲੋਂ ਭਾਈ ਰਣਧੀਰ ਸਿੰਘ ਰਾੜਾ ਸਾਹਿਬ, ਭਾਈ ਸਤਵਿੰਦਰ ਸਿੰਘ ਟੌਹੜਾ, ਸੰਤ ਬਾਬਾ ਅਮਨਦੀਪ ਸਿੰਘ ਜੀ ਸੱਤੋ ਵਾਲੀ ਗਲੀ ਅੰਮ੍ਰਿਤਸਰ ਸਾਹਿਬ, ਜਥੇ. ਬਾਬਾ ਬਲਵਿੰਦਰ ਸਿੰਘ ਜੀ ਤਰਨਾ ਦਲ ਗੜ੍ਹੀ ਗੁਰਦਾਸ ਨੰਗਲ, ਮਾਤਾ ਜਸਪ੍ਰੀਤ ਕੌਰ ਮਾਹਿਲਪੁਰ, ਭਾਈ ਅਮਰਬੀਰ ਸਿੰਘ ਢੋਟ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ ਮਹਿਤਾ, ਬਾਬਾ ਸੋਨੀ ਦਾਸ ਜੀ ਉਦਾਸੀਨ ਮੁਕਤਸਰ, ਬਾਬਾ ਜੱਜ ਸਿੰਘ ਜਲਾਲਾਬਾਦ, ਸੰਤ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ ਚੌਂਕ, ਜਥੇਦਾਰ ਸਤਨਾਮ ਸਿੰਘ ਨਾਨਕਸਰ ਭਾਈ ਕੀ ਸਮਾਧ, ਸੰਤ ਬਾਬਾ ਗੁਰਮੁਖ ਸਿੰਘ ਆਲੋਵਾਲ, ਸੰਤ ਬਾਬਾ ਮਨਮੋਹਣ ਸਿੰਘ ਸੰਤ ਬਾਬਾ ਬੀਰ ਸਿੰਘ ਭੰਗਾਲੀ ਵਾਲੇ, ਜਥੇਦਾਰ ਬਾਬਾ ਜਗਜੀਤ ਸਿੰਘ ਗੁਰੂ ਨਾਨਕ ਦਲ ਮੜ੍ਹੀਆਂ ਵਾਲੇ, ਬਾਬਾ ਗੁਰਮੀਤ ਸਿੰਘ ਕਬਰਵਾਲਾ, ਸੰਤ ਬਾਬਾ ਜਸਵੰਤ ਸਿੰਘ ਅਲਵਰ ਵਾਲੇ, ਸੰਤ ਬਾਬਾ ਸੁਰਿੰਦਰ ਸਿੰਘ ਉਦਾਸੀਨ ਅਖਾੜਾ ਸ੍ਰੀ ਗੰਗਾਨਗਰ, ਗਿਆਨੀ ਜੀਵਾ ਸਿੰਘ ਸਰਮਸਤਪੁਰ, ਜਥੇਦਾਰ ਸੁਖਦੇਵ ਸਿੰਘ ਆਰਫਕੇ ਫ਼ਿਰੋਜ਼ਪੁਰ, ਸੰਤ ਬਾਬਾ ਮੇਜਰ ਸਿੰਘ ਵਾਂ ਵਾਲੇ, ਜਥੇਦਾਰ ਚਮਕੌਰ ਸਿੰਘ ਪਹੁਵਿੰਡ, ਜਥੇਦਾਰ ਮੰਗਲ ਸਿੰਘ ਠੇਠਰ ਕਲਾਂ, ਜਥੇਦਾਰ ਹਰਭਜਨ ਸਿੰਘ ਪੱਪੂ ਡੇਰਾ ਸੂਸਾ,ਸੰਤ ਬਾਬਾ ਗੁਰਦੇਵ ਸਿੰਘ ਤਰਸਿੱਕਾ, ਭਾਈ ਸ਼ਮਸ਼ੇਰ ਸਿੰਘ ਜੇਠੂਵਾਲ, ਗਿਆਨੀ ਹਰਦੀਪ ਸਿੰਘ ਅਨੰਦਪੁਰ ਸਾਹਿਬ, ਭਾਈ ਸੁਖਜੀਤ ਸਿੰਘ ਢੱਪਈ, ਬਾਬਾ ਹਰਜਿੰਦਰ ਸਿੰਘ ਬੁੱਢੀਮਾਲ, ਜਥੇ.ਪੂਰਨ ਸਿੰਘ ਜਲਾਲਾਬਾਦ, ਬਾਬਾ ਧੰਨਾ ਸਿੰਘ ਗੁੜ੍ਹੀ ਸੰਘਰ, ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਵਾਲੇ, ਸੰਤ ਬਾਬਾ ਸੁਖਵੰਤ ਸਿੰਘ ਚੰਨਣਕੇ, ਜਥੇਦਾਰ ਗੁਰਪ੍ਰੀਤ ਸਿੰਘ ਵੈਦ ਡੇਰਾ ਰਾਮ ਥੰਮ੍ਹਣ, ਭਾਈ ਗੁਰਨਾਮ ਸਿੰਘ ਰਾੜਾ ਸਾਹਿਬ, ਸੰਤ ਬਾਬਾ ਸੁਰਿੰਦਰ ਸਿੰਘ ਟਾਹਲੀ ਸਾਹਿਬ, ਭਾਈ ਹਰਨੇਕ ਸਿੰਘ ਭਿੰਡਰ ਕਲਾਂ, ਭਾਈ ਸੁਖਜੀਤ ਸਿੰਘ ਢੱਪਈ, ਭਾਈ ਸੁਖਲਾਲ ਸਿੰਘ ਬਾਸਰਕੇ ਆਦਿ ਹਾਜ਼ਰ ਸਨ।

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net






ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



# ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ - ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

# 29ਵਾਂ ਸਲਾਨਾ ਜੋੜ ਮੇਲਾ
# ਗੁਰਮਤਿ ਸਮਾਗਮ

## 1 ਨਵੰਬਰ 2025, ਦਿਨ ਸ਼ਨੀਵਾਰ ਨੂੰ
## ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ

ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ



ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ

## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ ਭਿੰਡਰਾਂ ਵਾਲੇ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

• ਭਾਈ ਬਲਜੀਤ ਸਿੰਘ ਕੰਗ/Bhai Baljit Singh Kang

+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

Website : www.nsycuk.com

E-mail : gnstuk@hotmail.com

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ।।

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਅਵਤਾਰ ਪੁਰਬ : ਧੰਨ ਧੰਨ ਸ਼੍ਰੀ ਗੁਰੂ ਅੰਗਦ ਦੇਵ ਸਾਹਿਬ ਜੀ

# ਮਹਾਨ ਅਵਤਾਰ ਪੁਰਬ



☛ ਸ਼ਹੀਦੀ ਜੋੜ ਮੇਲਾ ਚਾਲੀ ਮੁਕਤੇ ( ਮੁਕਤਸਰ ਸਾਹਿਬ ਜੀ ) ☛ ਜਨਮ ਦਿਵਸ਼ : ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਹੁਸ਼ਿਆਰਪੁਰ । ☛ ਜੋੜ ਮੇਲਾ ਗੁਰੂ ਕਾ ਬਾਗ ਪਟਨਾ ਸਾਹਿਬ ਜੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਏ ਜਾਣਗੇ।

**3 ਮਈ ਦਿਨ ਸ਼ਨਿੱਚਰਵਾਰ ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ।**

4 ਮਈ 2025 ਦਿਨ ਐਤਵਾਰ ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਉਚੇਚ ਤੋਰ ਤੇ ਪੰਜਾਬ ਦੀ ਧਰਤੀ ਤੋਂ ਢਾਡੀ ਜਥਾ ਗਿਆਨੀ ਜਸਬੀਰ ਸਿੰਘ ਮੋਲੀਕੇ ਢਾਡੀ ਵਾਰਾਂ ਰਾਹੀਂ ਗੁਰਬਾਣੀ ਅਤੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗਣਗੇ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਪੁਰਜ਼ੋਰ ਬੇਨਤੀ ਹੈ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਦਮਦਮੀ ਟਕਸਾਲ ਵੱਲੋਂ 41ਵੇਂ ਘੱਲੂਘਾਰਾ ਦਿਵਸ ਦੇ ਕਥਾ-ਕੀਰਤਨ ਸਮਾਗਮਾਂ ਦੀ ਆਰੰਭਤਾ 1 ਮਈ ਤੋਂ

## ਸੰਤ ਗਿ. ਹਰਨਾਮ ਸਿੰਘ ਖਾਲਸਾ ਦੀ ਅਗਵਾਈ ਹੇਠ 6 ਜੂਨ ਤੱਕ ਵੱਖ ਵੱਖ ਨਗਰਾਂ 'ਚ ਹੋਣ ਵਾਲੇ ਸ਼ਹੀਦੀ ਸਮਾਗਮਾਂ ਦੀ ਸੂਚੀ ਜਾਰੀ



ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਪ੍ਰਧਾਨ ਸੰਤ ਸਮਾਜ ਦੀ ਰਹਿਨੁਮਾਈ ਹੇਠ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁ. ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਜੂਨ '84 ਤੀਸਰੇ ਘੱਲੂਘਾਰੇ ਦੀ ਯਾਦ ਨੂੰ ਹਰ ਸਾਲ 6 ਜੂਨ ਵਾਲੇ ਦਿਨ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾਂਦਾ ਹੈ ਤੇ ਇਸ ਘੱਲੂਘਾਰੇ ਅੰਦਰ ਸ਼ਹੀਦ ਹੋਏ ਅਮਰ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਨਾਲ ਸ਼ਹਾਦਤ ਦਾ ਜਾਮ ਪੀਣ ਵਾਲੇ ਬਾਬਾ ਠਾਹਰਾ ਸਿੰਘ,ਭਾਈ ਅਮਰੀਕ ਤੇ ਜਰਨਲ ਸੁਬੇਗ ਸਿੰਘ ਆਦਿ ਕੌਮੀ ਯੌਧਿਆਂ ਦੀ ਸ਼ਹਾਦਤਾਂ ਨੂੰ ਨਤਮਸਤਕ ਹੁੰਦਿਆਂ ਸਮੂਹ ਸਿੰਘਾਂ-ਸਿੰਘਣੀਆਂ ਤੇ ਭੁਝੰਗੀਆਂ ਨੂੰ ਸ਼ਰਧਾਂ ਦੇ ਫੁੱਲ ਅਰਪਿਤ ਕੀਤੇ ਜਾਂਦੇ ਹਨ।ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਮਦਮੀ ਟਕਸਾਲ ਵੱਲੋਂ ਤੀਸਰੇ ਘੱਲੂਘਾਰੇ ਦੀ ਯਾਦ 'ਚ 41ਵਾਂ ਸ਼ਹੀਦੀ ਜੋੜ ਮੇਲਾ ਪੂਰੀ ਸ਼ਰਧਾਂ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਇਸ ਮੌਕੇ ਮਹੀਨਾ ਭਰ ਚੱਲਣ ਵਾਲੀ ਕਥਾ-ਕੀਰਤਨ ਸਮਾਗਮਾਂ ਦੀ ਲੜੀ ਦੀ ਆਰੰਭਤਾ 1 ਮਈ ਤੋਂ ਹੋਣ ਜਾ ਰਹੀ ਹੈ, ਜਿਸ ਦੇ ਚੱਲਦਿਆਂ ਵੱਖ ਵੱਖ ਨਗਰਾਂ ਅੰਦਰ ਸ਼ਾਮ 6 ਵਜੇ ਤੋਂ 8 ਵਜੇ ਤੱਕ ਗੁਰਮਤਿ ਸਮਾਗਮ ਕੀਤੇ ਜਾਣਗੇ।ਇੰਨ੍ਹਾਂ ਸਮਾਗਮਾਂ 'ਚ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਸ਼ਬਦ-ਕੀਰਤਨ ਕੀਤੇ ਜਾਣ ਉਪਰੰਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਸੰਗਤਾਂ ਨੂੰ ਕਥਾ ਸਰਵਨ ਕਰਾਈ ਜਾਵੇਗੀ।ਦਮਦਮੀ ਟਕਸਾਲ ਵੱਲੋਂ ਜਾਰੀ ਸਮਾਗਮਾਂ ਦੀ ਸੂਚੀ ਅਨੁਸਾਰ 01 ਮਈ ਨੂੰ ਜਥੋਵਾਲ, 02 ਮਈ ਨੂੰ ਜੱਫਰਵਾਲ, 03 ਮਈ ਨੂੰ ਤਰਸਿੱਕਾ, 04 ਮਈ ਨੂੰ ਕੋਟਲਾ ਮੂਸਾ ਨੇੜ੍ਹੇ ਕਾਦੀਆਂ, 05 ਮਈ ਨੂੰ ਸਦਾਰੰਗ, 06 ਮਈ ਨੂੰ ਸਹਾਇਪੁਰ, 07 ਮਈ ਨੂੰ ਧਰਦਿਓ, 08 ਮਈ ਨੂੰ ਬਾਬੋਵਾਲ, 09 ਮਈ ਨੂੰ ਭਲਾਈਪੁਰ ਪੁਰਬਾ, 10 ਮਈ ਨੂੰ ਗੁ: ਕੰਧ ਸਾਹਿਬ (ਬਟਾਲਾ), 11 ਮਈ ਨੂੰ ਗੁ: ਗੁਰੂ ਕੀ ਬੇਰ ਸਾਹਿਬ, 12 ਮਈ ਨੂੰ ਲੀਲ ਕਲਾਂ, 13 ਮਈ ਨੂੰ ਸੂਸਾ, 14 ਮਈ ਨੂੰ ਸਿਆਲਕਾ, 15 ਮਈ ਨੂੰ ਚੋਣੇ, 16 ਮਈ ਨੂੰ ਨਵਾਂ ਪਿੰਡ, 17 ਮਈ ਨੂੰ ਗੁ:ਸੰਗਤਪੁਰਾ ਬਥਵਾਲਾ (ਗੁਰਦਾਸਪੁਰ), 18 ਮਈ ਨੂੰ ਧਰਮੂਚੱਕ, 19 ਮਈ ਨੂੰ ਕਾਹਲਵਾਂ, 20 ਮਈ ਨੂੰ ਉਦੋਨੰਗਲ ਖੁਰਦ, 21 ਮਈ ਨੂੰ ਸਠਿਆਲਾ, 22 ਮਈ ਨੂੰ ਢੱਪਈਆਂ, 23 ਮਈ ਨੂੰ ਵੀਲਾ/ਮੀਕੇ, 24 ਮਈ ਨੂੰ ਬੁਤਾਲਾ, 25 ਮਈ ਨੂੰ ਸਵੇਰੇ 10 ਤੋਂ 12 ਵਜੇ ਤੱਕ ਖੱਬੇ ਰਾਜਪੂਤਾਂ ਤੇ ਸ਼ਾਮ 07 ਤੋਂ 09 ਵਜੇ ਤੱਕ ਚੌਧਰੀਵਾਲ , 26 ਮਈ ਨੂੰ ਜਲਾਲਉਸਮਾਂ, 27 ਮਈ ਨੂੰ ਜੇਠੂਵਾਲ, 28 ਮਈ ਨੂੰ ਰਾਮ ਥੰਮਣ, 29 ਮਈ ਨੂੰ ਮੈਹਣੀਆਂ ਕੁਹਾਰਾ, 30 ਮਈ ਨੂੰ ਮਹਿਤਾ ਚੌਂਕ ਤੇ 31 ਮਈ ਨੂੰ ਚਾਟੀਵਿੰਡ ਵਿਖੇ ਗੁਰਮਤਿ ਦੀਵਾਨ ਸਜਾਏ ਜਾਣਗੇ,ਉਪਰੰਤ ਸ਼ਹੀਦੀ ਹਫਤੇ ਦੇ ਚੱਲਦਿਆਂ ਇਹ ਗੁਰਮਤਿ ਦੀਵਾਨ 01 ਤੋਂ 05 ਜੂਨ ਤੱਕ ਗੁ. ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸ਼ਾਮ 4 ਤੋਂ 7 ਵਜੇ ਤੱਕ ਸਜਾਏ ਜਾਣਗੇ,ਉਪਰੰਤ ਮੁੱਖ ਤੇ ਮਹਾਨ ਸ਼ਹੀਦੀ ਸਮਾਗਮ 6 ਜੂਨ ਨੂੰ ਹੋਵੇਗਾ।

-ਬਾਬਾ ਸੁਖਵੰਤ ਸਿੰਘ ਚੰਨਣਕੇ, ਚੌਂਕ ਮਹਿਤਾ

ਅਮਰ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ 14 ਵੇਂ ਮੁਖੀ ਦਮਦਮੀ ਟਕਸਾਲ ਅਤੇ 6 ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਦਮਦਮੀ ਟਕਸਾਲ ਦੇ ਹੈੱਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ (ਮਹਿਤਾ) ਵਿਖੇ ਹਰ ਸਾਲ ਬਹੁਤ ਭਾਰੀ ਸ਼ਹੀਦੀ ਜੋੜ ਮੇਲੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਸ਼ਾਂ ਦੀ ਅਗੁਵਾਈ 'ਚ ਮਨਾਏ ਜਾਂਦੇ ਹਨ । ਇਸ ਜੋੜ ਮੇਲੇ ਸਬੰਧੀ ਮਿਤੀ 1 ਮਈ ਤੋਂ ਵੱਖ ਵੱਖ ਨਗਰਾਂ 'ਚ ਮਹਾਂਪੁਰਸ਼ਾਂ ਵੱਲੋਂ ਸ਼ਹੀਦੀ ਸਮਾਗਮਾਂ ਦੀ ਲੜੀ ਦੀ ਆਰੰਭਤਾ ਹੋ ਰਹੀ ਹੈ। ਸਮੂਹ ਸੰਗਤਾਂ ਇਹਨਾਂ ਸਮਾਗਮਾਂ ਦੇ ਲਾਹੇ ਪ੍ਰਾਪਤ ਕਰੋ ਜੀ ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਅੰਤਿਮ ਸੰਸਕਾਰ ਅਤੇ ਪਾਠ ਦਾ ਭੋਗ



## ਸਰਦਾਰਨੀ ਹਰਪ੍ਰੀਤ ਕੌਰ

(1951-2025)

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰਨੀ ਹਰਪ੍ਰੀਤ ਕੌਰ (ਪਤਨੀ ਸ. ਪਰਮਿੰਦਰ ਸਿੰਘ ਬੱਲ, ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.), ਜੋ ਕਿ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਮਿਤੀ 29 ਅਪ੍ਰੈਲ (ਦਿਨ ਮੰਗਲਵਾਰ) ਨੂੰ ਸਵੇਰੇ10.30 ਵਜੇ Slough Crematorium, Stoke Road, Slough, SL2 5AX ਵਿਖੇ ਕੀਤਾ ਜਾਵੇਗਾ, ਜਿਸ ਉਪਰੰਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ 11.45 ਵਜੇ ਸ੍ਰੀ ਸਹਿਜ ਪਾਠ ਪਾਠ ਜੀ ਦੇ ਭੋਗ Sri Guru Singh Sabha Gurdwara, Slough, Sheehy Way, Slough, SL2 5SS ਵਿਖੇ ਪਾਏ ਜਾਣਗੇ।

--★ ਭਾਣੇ ਵਿੱਚ ★--

| | |
|---|---|
| ਸ. ਪਰਮਿੰਦਰ ਸਿੰਘ ਬੱਲ<br>ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ. | (ਪਤੀ) |
| ਹਰਮੀਤ ਸਿੰਘ ਬੱਲ | (ਪੁੱਤਰ) |
| ਜਗਜੀਤ ਕੌਰ ਜਗਦਿਓ, ਭਵਨਪ੍ਰੀਤ ਕੌਰ ਸੰਧੂ | (ਧੀਆਂ) |

ਸੰਪਰਕ : 07834327711

# ਸਿਆਸਤ ਵਿੱਚ ਸਿਆਸਤ



ਰਸ਼ਿਪੰਦਰ ਕੌਰ ਗਿੱਲ
ਲੇਖਕ, ਐਂਕਰ, ਪ੍ਰਧਾਨ
ਪੀਂਘਾਂ ਸੋਚ ਦੀਆਂ
ਸਾਹਿਤ ਮੰਚ, ਪਬਲਿਕੇਸ਼ਨ
ਵੈੱਬ ਚੈਨਲ, ਮੈਗਜ਼ੀਨ
+91-9888697078

ਰੂਬੀ ਨਾਮਵਰ ਚਿਹਰਾ, ਜੋ ਕਿ ਇੱਕ ਸਮਾਜ ਸੇਵਿਕਾ ਹੈ। ਉਸ ਵੱਲ ਨਜ਼ਰ ਇੱਕ ਸਿਆਸੀ ਲੀਡਰ ਦੀ ਪੈਂਦੀ ਹੈ। ਉਹ ਰੂਬੀ ਨਾਲ ਸੰਪਰਕ ਕਰਦਾ ਹੈ ਅਤੇ ਉਸਨੂੰ ਕਹਿੰਦਾ ਹੈ ਭੈਣ ਜੀ ਆਪ ਸਮਾਜ ਲਈ ਬਹੁਤ ਚਿੰਤਾ ਰੱਖਦੇ ਹੋ, ਕਿਉਂ ਨਾ ਸਾਡੀ ਸਿਆਸੀ ਪਾਰਟੀ ਨਾਲ ਜੁੜ ਕੇ ਉੱਚ ਪੱਧਰ ’ਤੇ ਸਮਾਜ ਸੇਵਾ ਕਰੋ। ਸਿਆਸੀ ਲੀਡਰ ਵੀ ਤਾਂ ਸਮਾਜ ਸੇਵਾ ਹੀ ਕਰਦੇ ਹਨ। ਰੂਬੀ ਨੂੰ ਉਸ ਸਿਆਸੀ ਲੀਡਰ ਦਾ ਸੁਝਾਅ ਵਧੀਆ ਲੱਗਾ ਅਤੇ ਉਸਨੇ ਉਹਨਾਂ ਦੀ ਪਾਰਟੀ ਜੁਆਇਨ ਕਰ ਲਈ। ਜਿੱਥੇ ਪਾਰਟੀ ਦੇ ਕੁਝ ਹੋਰ ਲੀਡਰਾਂ ਨੂੰ ਰੂਬੀ ਦਾ ਪਾਰਟੀ ਵਿੱਚ ਆਉਣਾ ਬਹੁਤ ਵਧੀਆ ਲੱਗਾ, ਉੱਥੇ ਹੀ ਕੁਝ ਲੀਡਰਾਂ ਨੂੰ ਰੂਬੀ ਦਾ ਪਾਰਟੀ ਵਿੱਚ ਆਉਣਾ ਖਟਕਣ ਲੱਗ ਪਿਆ। ਕਿਉਂਕੀ ਪਾਰਟੀ ਵਿੱਚ ਉਹ ਆਪਣਾ ਰੁੱਤਬਾ ਹੀ ਉੱਚਾ ਸਮਝਦੇ ਸਨ। ਸੂਝਵਾਨ ਸ਼ਖਸ ਦਾ ਪਾਰਟੀ ਵਿੱਚ ਸ਼ਾਮਲ ਹੋਣਾ ਉਨ੍ਹਾਂ ਦੀ ਅੱਖ ਵਿੱਚ ਰੜਕਨਾ ਲਾਜ਼ਮੀ ਸੀ। ਰੂਬੀ ਆਪਣੇ ਸੁਭਾਅ ਦੇ ਮੁਤਾਬਿਕ ਪਾਰਟੀ ਦੇ ਕੰਮਾਂ ਨੂੰ ਆਪਣਾ ਇੱਕ ਸਮਾਜਿਕ ਫਰਜ਼ ਸਮਝ ਕੇ ਕਰਨ ਲੱਗ ਪਈ। ਪਰ ਜਲਦੀ ਹੀ ਮਰਦ ਜ਼ਾਤ ਦੀ ਬਿਰਤੀ ਰੂਬੀ ਉੱਪਰ ਹਾਵੀ ਹੋਣ ਦੀ ਕੋਸ਼ਿਸ਼ ਕਰਨ ਲੱਗ ਪਈ। ਰੂਬੀ ਨੂੰ ਕੁਝ ਮਰਦ ਲੀਡਰਾਂ ਵੱਲੋਂ ਹਮੇਸ਼ਾਂ ਟੋਕਾ-ਟਾਕੀ ਸ਼ੁਰੂ ਕਰ ਦਿੱਤੀ ਗਈ। ਉਸਦੇ ਹਰ ਕੰਮ ਵਿੱਚ ਰੁਕਾਵਟਾਂ ਪਾਉਣੀਆਂ ਸ਼ੁਰੂ ਹੋ ਗਈਆਂ। ਕੁਝ ਮਰਦ ਲੀਡਰ ਰੂਬੀ ਦੇ ਕੀਤੇ ਕਾਰਜਾਂ ਦਾ ਮਜ਼ਾਕ ਉਡਾਣ ਲੱਗ ਪਏ। ਮਰਦ ਜ਼ਾਤ ਦੀ ਬਿਰਤੀ ਰੂਬੀ ਨੂੰ ਆਪਣੇ ਕੰਟਰੋਲ ਵਿੱਚ ਕਰਨ ਲਈ ਉਤਾਰੂ ਹੋ ਚੁੱਕੀ ਸੀ। ਦਫਤਰ ਵਿੱਚ ਕਰਨ ਵਾਲੇ ਕਰਮਚਾਰੀ ਤੋਂ ਲੈ ਕੇ ਪਾਰਟੀ ਦੇ ਕੁਝ ਵਰਕਰ ਅਤੇ ਕੁਝ ਮੁੱਖ ਆਗੂ ਰੂਬੀ ਉੱਪਰ ਦਬਾਓ ਪਾਉਣ ਲੱਗੇ ਕਿ ਉਹ ਉਹਨਾਂ ਤੋਂ ਪੁੱਛੇ ਬਿਨਾਂ ਕੋਈ ਵੀ ਕਾਰਜ ਨਾ ਕਰੇ। ਉਹ ਸਿਰਫ ਉਹਨਾਂ ਨਾਲ ਹੀ ਕਿੱਧਰੇ ਆਵੇ ਜਾਂ ਜਾਵੇ। ਉਹਨਾਂ ਦਾ ਕਹਿਣਾ ਸੀ ਕਿ ਜੇਕਰ ਰੂਬੀ ਉਹਨਾਂ ਦਾ ਕਹਿਣਾ ਮੰਨੇਗੀ ਤਾਂ ਉਸ ਨੂੰ ਪਾਰਟੀ ਵਿੱਚ ਅੱਗੇ ਤੱਕ ਲੈ ਕੇ ਜਾਣਗੇ ਅਤੇ ਉਸਨੂੰ ਇੱਕ ਨਾਮਵਰ ਚਿਹਰਾ ਬਣਾ ਦੇਣਗੇ। ਰੂਬੀ ਮਰਦ ਜ਼ਾਤ ਦੀ ਇਸ ਬਿਰਤੀ ਉੱਤੇ ਬੜਾ ਹੱਸਦੀ ਅਤੇ ਆਪਣੇ ਪਰਿਵਾਰ ਵਿੱਚ ਅਤੇ ਆਪਣੇ ਦੋਸਤਾਂ ਵਿੱਚ ਮਰਦ ਜ਼ਾਤ ਬਿਰਤੀ ਦੇ ਚਿੱਠੇ ਖੋਲ ਦੀ ਅਤੇ ਸਿਆਸਤ ਵਿੱਚ ਹੀ ਕਿਸ ਤਰ੍ਹਾਂ ਸਿਆਸਤ ਚੱਲਦੀ ਹੈ ਉਹ ਦੱਸਦੀ। ਕਈ ਦੋਸਤਾਂ ਨੇ ਰੂਬੀ ਨੂੰ ਕਿਹਾ ਕਿ ਤੂੰ ਸਿਆਸਤ ਨੂੰ ਛੱਡ ਕੇ ਆਪਣਾ ਸਮਾਜ ਸੇਵਾ ਵਿੱਚ ਹੀ ਧਿਆਨ ਲਗਾ। ਪਰ ਪਾਰਟੀ ਦੇ ਕੁਝ ਗਿਣੇ ਚੁਣੇ ਲੀਡਰਾਂ ਦੇ ਸਮਝਾਉਣ ਨਾਲ ਰੂਬੀ ਸਿਆਸਤ ਨੂੰ ਛੱਡ ਨਹੀਂ ਸੀ ਰਹੀ। ਪਰ ਸਿਆਸਤ ਦਾ ਸ਼ਿਕੰਜਾ ਇਸ ਕਦਰ ਵੱਧ ਰਿਹਾ ਸੀ ਕਿ ਮਰਦ ਜ਼ਾਤ ਬਿਰਤੀ ਦੇ ਨਾਲ-ਨਾਲ ਹੁਣ ਔਰਤ ਜਾਤ ਬਿਰਤੀ ਵੀ ਰੂਬੀ ’ਤੇ ਹਾਵੀ ਹੋਣ ਲੱਗ ਪਈ ਸੀ। ਰੂਬੀ ਆਪਣੇ ਸੁਭਾਅ ਦੇ ਮੁਤਾਬਕ ਪਾਰਟੀ ਦੀਆਂ ਆਪਣੇ ਤੋਂ ਉਮਰ ਵਿੱਚ ਹਰ ਵੱਡੀ ਅਤੇ ਛੋਟੀ ਔਰਤ ਨੂੰ ਬਹੁਤ ਪਿਆਰ ਅਤੇ ਸਤਿਕਾਰ ਦਿੰਦੀ। ਔਰਤਾਂ ਦਾ ਰੁਤਬਾ ਸਮਾਜ ਵਿੱਚ ਉੱਚਾ ਚੁੱਕਣ ਲਈ ਰੂਬੀ ਪਹਿਲਾਂ ਤੋਂ ਹੀ ਬਹੁਤ ਕੰਮ ਕਰ ਰਹੀ ਸੀ। ਉਸਨੇ ਸਿਆਸਤ ਵਿੱਚ ਵੀ ਔਰਤਾਂ ਦੇ ਰੁਤਬੇ ਨੂੰ ਉੱਚਾ ਚੁੱਕਣ ਲਈ ਸਭ ਨਾਲ ਮੇਲ-ਜੋਲ ਵਧਾਉਣਾ ਸ਼ੁਰੂ ਕੀਤਾ। ਪਾਰਟੀ ਨਾਲ ਜੁੜੀਆਂ ਪੁਰਾਣੀਆਂ ਔਰਤਾਂ ਨਾਲ ਅਗਾਂਹ ਹੋ ਕੇ ਮਿਲਣ ਦੀ ਕੋਸ਼ਿਸ਼ ਕੀਤੀ, ਇਹ ਕਹਿ ਕੇ ਕਿ ਮੈਂ ਆਪ ਜੀ ਕੋਲੋਂ ਬਹੁਤ ਕੁਝ ਸਿੱਖਣਾ ਚਾਹੁੰਦੀ ਹਾਂ ਅਤੇ ਨਵੀਆਂ ਔਰਤਾਂ ਨੂੰ ਨਾਲ ਜੋੜਨਾ ਸ਼ੁਰੂ ਕੀਤਾ, ਇਹ ਕਹਿ ਕੇ ਕਿ ਅਸੀਂ ਨਵੀਂ ਐਨਰਜੀ ਨਾਲ ਸਿਆਸਤ ਰਾਹੀਂ ਸਮਾਜ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਵਾਂਗੇ ਅਤੇ ਔਰਤਾਂ ਦੇ ਰੁਤਬੇ ਨੂੰ ਹੋਰ ਉੱਚ ਪੱਧਰ ’ਤੇ ਲੈ ਕੇ ਜਾਵਾਂਗੇ। ਰੂਬੀ ਦੇ ਖੁੱਲੇ ਵਿਚਾਰਾਂ ਕਰਕੇ ਨੌਜਵਾਨ ਕੁੜੀਆਂ ਸਿਆਸਤ ਵਿੱਚ ਦਿਲਚਸਪੀ ਲੈ ਕੇ ਰੂਬੀ ਦੀ ਪਾਰਟੀ ਨਾਲ ਜੁੜ ਰਹੀਆਂ ਸੀ। ਪਰ ਜਿੱਥੇ ਰੂਬੀ ਅਜੇ ਮਰਦ ਜਾਤ ਦੀ ਬਿਰਤੀ ਨੂੰ ਹੱਸ ਕੇ ਟਾਲ ਰਹੀ ਸੀ ਉੱਥੇ ਹੀ ਰੂਬੀ ਨੂੰ ਔਰਤ ਜਾਤ ਬਿਰਤੀ ਦੀ ਵੀ ਕਿੰਤੂ-ਪ੍ਰੰਤੂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਔਰਤ ਜਾਤ ਬਿਰਤੀ ਦੇ ਕਿੰਤੂ-ਪ੍ਰੰਤੂ ਦਾ ਵਿਸ਼ਾ ਰੂਬੀ ਦਾ ਲਿਬਾਸ, ਰੂਬੀ ਦੇ ਖੁੱਲੇਵਾਲ ਅਤੇ ਰੂਬੀ ਦਾ ਆਈ ਲਾਇਨਰ ਸੀ। ਰੂਬੀ ਦਾ ਲਿਬਾਸ ਅੱਜ-ਕੱਲ ਫੈਸ਼ਨ ਦੇ ਸੂਟ ਜੋ ਕਿ ਹਮੇਸ਼ਾਂ ਦੁਪੱਟੇ ਸਮੇਤ ਹੀ ਹੁੰਦੇ ਸਨ। ਕਿਸੇ ਪੱਖੋਂ ਵੀ ਨੰਗੇਜ ਨਹੀਂ ਸੀ। ਪਰ ਫਿਰ ਵੀ ਉਹ ਵੀ ਔਰਤ ਜਾਤ ਬਿਰਤੀ ਦੀਆਂ ਅੱਖਾਂ ਵਿੱਚ ਰੜਕ ਰਹੇ ਸਨ। ਔਰਤ ਜਾਤ ਬਿਰਤੀ ਦਾ ਜਦੋਂ ਤਰਕ ਵਿਤਰਕ ਸ਼ੁਰੂ ਹੋਇਆ ਤਾਂ ਰੂਬੀ ਨੇ ਆਪਣੇ ਇੱਕ ਜਵਾਬ ਵਿੱਚ ਸਾਰੀ ਗੱਲ ਖਤਮ ਕਰ ਦਿੱਤੀ ਕਿ “ਆਪ ਜੀ ਨੇ ਆਪਣੀ ਸਮਝ ਮੁਤਾਬਿਕ ਮੁੱਦਾ ਸ਼ੁਰੂ ਕੀਤਾ ਹੈ। ਆਪ ਜੀ ਇਸ ਮੁੱਦੇ ਨੂੰ ਪਾਰਟੀ ਵਿੱਚ ਉੱਚ ਪੱਧਰ ’ਤੇ ਲੈ ਕੇ ਜਾਉ ਜੀ।” ਕਿਉਂਕਿ ਰੂਬੀ ਹੁਣ ਤੱਕ ਸਮਝ ਚੁੱਕੀ ਸੀ ਕਿ ਔਰਤ ਜਾਤ ਬਿਰਤੀ ਦੀਆਂ ਇਹ ਕੁਝ ਔਰਤਾਂ ਦੀ ਸੋਚ ਬਹੁਤ ਹੀ ਨੀਵੀਂ ਪੱਧਰ ਦੀ ਹੈ। ਇਹ ਔਰਤਾਂ ਖੂਹ ਦੇ ਡੱਡੂ ਵਾਂਗ ਹਨ। ਜਿਨਾਂ ਨੇ ਖੂਹ ਦੇ ਵਿੱਚ ਹੀ ਚੱਕਰ ਮਾਰੇ ਹਨ। ਇਹਨਾਂ ਨੇ ਕਦੇ ਵੀ ਸਮੁੰਦਰ ਤੱਕ ਪਹੁੰਚ ਹੀ ਨਹੀਂ ਪਾਉਣਾ। ਬਲਕਿ ਇਹਨਾਂ ਨੂੰ ਪਤਾ ਹੀ ਨਹੀਂ ਹੈ ਕਿ ਸਮੁੰਦਰ ਨਾਮ ਦੀ ਵੀ ਕੋਈ ਚੀਜ਼ ਹੁੰਦੀ ਹੈ। ਜਦਕਿ ਰੂਬੀ ਖੁੱਲੇ ਸਮੁੰਦਰ ਦੀ ਡੂੰਗਾਈ ਵੀ ਨਾਪ ਚੁੱਕੀ ਸੀ ਅਤੇ ਤੈਰ ਕੇ ਉਸ ਪਾਰ ਵੀ ਜਾ ਚੁੱਕੀ ਸੀ। ਰੂਬੀ ਔਰਤ ਜਾਤ ਬਿਰਤੀ ਦੀਆਂ ਇੰਨਾਂ ਔਰਤਾਂ ਦੀ ਸੋਚ ’ਤੇ ਮੁਸਕੁਰਾ ਕੇ ਆਪਣੇ ਕੰਮਾਂ ਵਿੱਚ ਰੁੱਝ ਗਈ। ਪਰ ਇੱਕ ਗੱਲ ਉਸਨੂੰ ਖਟਕ ਰਹੀ ਸੀ ਕਿ ਜੇਕਰ ਉਹ ਔਰਤ ਹੋ ਕੇ ਖੁਦ ਆਪਣੇ ਲਈ ਨਹੀਂ ਬੋਲੀ ਤਾਂ ਉਹਨਾਂ ਔਰਤਾਂ ਲਈ ਆਵਾਜ਼ ਕਿਵੇਂ ਬੁਲੰਦ ਕਰੇਗੀ ਜੋ ਉਸ ਵੱਲ ਦੇਖ ਕੇ ਆਪਣੇ ਅੰਦਰ ਇੱਕ ਉਮੀਦ ਜਗਾਈ ਬੈਠੀਆਂ ਹਨ ਕਿ ਉਹ ਵੀ ਕਦੇ ਰੂਬੀ ਵਾਂਗ ਇਸ ਸਮਾਜ ਵਿੱਚ ਆਪਣੀ ਇੱਕ ਪਹਿਚਾਣ ਬਣਾ ਸਕਣਗੀਆਂ। ਸਾਰੀ ਰਾਤ ਰੂਬੀ ਨੂੰ ਨੀਂਦ ਨਹੀਂ ਆਈ। ਰੂਬੀ ਸਾਰੀ ਰਾਤ ਘਰ ਦੀ ਛੱਤ ਤੇ ਟਹਿਲਦੇ ਹੋਏ ਸੋਚ ਰਹੀ ਸੀ ਕਿ ਇਹ ਲੜਾਈ ਕਿਸ ਨਾਲ ਹੈ? ਔਰਤ ਦੀ ਔਰਤ ਨਾਲ? ਔਰਤ ਦੀ ਔਰਤ ਜਾਤ ਬਿਰਤੀ ਨਾਲ? ਜਾਂ ਫਿਰ ਸਮਾਜ ਨਾਲ? ਰੂਬੀ ਦਾ ਦਿਮਾਗ ਸ਼ਾਂਤ ਨਹੀਂ ਹੋ ਰਿਹਾ ਸੀ। ਰੂਬੀ ਸੋਚ ਰਹੀ ਸੀ ਕਿ ਲੜਾਈ ਉਹ ਕਿਸ ਲਈ ਲੜ ਰਹੀ ਹੈ? ਇਸ ਨਾਲ ਕਿਸ ਨੂੰ ਫਾਇਦਾ ਹੋਵੇਗਾ? ਉਹ ਖੁਦ ਇਸ ਤਰਾਂ ਦੇ ਨੀਵੀਂ ਪੱਧਰ ਦੀ ਸੋਚ ਵਾਲੇ ਇਨਸਾਨਾਂ ਤੋਂ ਕਿਨਾਰਾ ਕਰ ਲੈਂਦੀ ਹੈ। ਦੂਰ-ਦੂਰ ਤੱਕ ਇਹੋ ਜਿਹੇ ਲੋਕਾਂ ਨਾਲ ਵਾਅ੍ਹ ਵਾਸਤਾ ਨਹੀਂ ਰੱਖਦੀ। ਫਿਰ ਹੁਣ ਕਦਮ ਕਿਉਂ ਨਹੀਂ ਚੁੱਕ ਰਹੀ? ਕੀ ਸੋਚ ਰਹੀ ਹਾਂ? ਸੋਚਦੇ-ਸੋਚਦੇ ਕਦੋਂ ਰੂਬੀ ਛੱਤ ਤੋਂ ਬਿਸਤਰ ਉੱਤੇ ’ਤੇ ਫਿਰ ਨੀਂਦ ਦੀ ਗਹਿਰਾਈਆਂ ਵਿੱਚ ਚਲੀ ਗਈ ਉਸਨੂੰ ਖੁਦ ਪਤਾ ਹੀ ਨਹੀਂ ਲੱਗਾ। ਜਦੋਂ ਸਵੇਰੇ ਅੱਖ ਖੁੱਲੀ ਤਾਂ ਸਿਰ ਤੇ ਅੱਖਾਂ ਬਹੁਤ ਭਾਰੀ ਸਨ। ਮਨ ਵੀ ਬਹੁਤ ਭਾਰੀ ਸੀ। ਫੋਨ ਦੀ ਬੈਲ ਵੱਜੀ ਪਾਰਟੀ ਦਾ ਇੱਕ ਸੁਹਿਰਦ ਆਗੂ ਸੀ। ਪਰ ਰੂਬੀ ਨੇ ਮਨ ਮਸੋਸ ਕੇ ਫੋਨ ਚੁੱਕਿਆ। ਉਸਨੂੰ ਕੱਲ ਦੇ ਕਾਟੋ-ਕਲੇਸ਼ ਦਾ ਪਤਾ ਲੱਗਾ ਸੀ। ਰੂਬੀ ਦਾ ਮਨ ਨਹੀਂ ਸੀ ਕੁਝ ਵੀ ਦੱਸਣ ਦਾ, ਪਰ ਫਿਰ ਵੀ ਇੱਕ-ਇੱਕ ਮਰਦ ਜਾਤ ਬਿਰਤੀ ਤੇ ਔਰਤ ਜਾਤ ਬਿਰਤੀ ਨੂੰ ਬਿਆਨ ਕਰ ਦਿੱਤਾ। ਉਸ ਆਗੂ ਨੇ ਰੂਬੀ ਨੂੰ ਸਮਝਾਇਆ ਕਿ “ਇਹ ਲੋਕ ਆਪ ਜੀ ਦੇ ਰੁਤਬੇ ਤੋਂ ਪਰੇਸ਼ਾਨ ਹਨ। ਤੁਹਾਡੇ ਕੰਮਾਂ ਦੀ ਅਤੇ ਰੁਤਬੇ ਦੀ ਲਕੀਰ ਬਹੁਤ ਵੱਡੀ ਹੈ। ਇਹ ਕੋਸ਼ਸ਼ ਵੀ ਕਰਣ ਤਾਂ ਵੀ ਤੁਹਾਡੇ ਬਰਾਬਰ ਲਕੀਰ ਨਹੀਂ ਖਿੱਚ ਸਕਦੇ। ਇਸ ਲਈ ਆਪ ਜੀ ਦੀ ਲਕੀਰ ਨੂੰ ਹੀ ਮਿਟਾਉਣ ਲੱਗ ਪਏ ਹਨ।” ਰੂਬੀ ਦਾ ਭਾਰਾ ਸਿਰ ਕੁਝ ਹਲਕਾ ਹੋਇਆ। ਕੁਝ ਸਮੇਂ ਬਾਅਦ ਇੱਕ ਹੋਰ ਆਗੂ ਦਾ ਫੋਨ ਆਇਆ। ਇਸ ਸਭ ਕਾਟੋ ਕਲੇਸ਼ ਤੋਂ ਬੇਖਬਰ ਬੋਲਿਆ, “ਭੈਣ ਜੀ ਆਪ ਜੀ ਦੀਆਂ ਅਤੇ ਪਾਰਟੀ ਦੀਆਂ ਗਤੀਵਿਧੀਆਂ ਦੇਖ ਕੇ ਯੂਨੀਵਰਸਿਟੀ ਦੀਆਂ ਕੁੜੀਆਂ ਆਪ ਜੀ ਨੂੰ ਮਿਲਣਾ ਚਾਹੁੰਦੀਆਂ ਹਨ। ਦੱਸੋ ਕਦੋਂ ਮੀਟਿੰਗ ਰੱਖਾਂ?” ਰੂਬੀ ਹੱਸ ਪਈ, “ਅਗਲੇ ਹਫਤੇ ਰੱਖ ਲਓ” “ਓਕੇ ਜੀ” ਫੋਨ ਬੰਦ ਕਰਕੇ ਰੂਬੀ ਨੂੰ ਖੁਦ ਆਪਣੀ ਅਹਮਿਯਤ ਸਮਝ ਆ ਰਹੀ ਸੀ। ਉਸਨੇ ਖੁਦ ਲਈ ਆਵਾਜ਼ ਬੁਲੰਦ ਕਰਨ ਦੀ ਸੋਚੀ ਅਤੇ ਮੁੱਖ ਆਗੂਆਂ ਨੂੰ ਕਾਟੋ-ਕਲੇਸ਼ ਬਾਰੇ ਦੱਸ ਕੇ ਜਵਾਬ ਮੰਗਿਆ ਕਿ “ਪਾਰਟੀ ਰੂਬੀ ਵਰਗੀਆਂ ਪੜ੍ਹੀਆਂ ਲਿਖੀਆਂ ਤੇ ਮਾਡਰਨ ਔਰਤਾਂ ਨੂੰ ਪਾਰਟੀ ਵਿੱਚ ਲੈ ਕੇ ਆਉਣ ਤੋਂ ਪਹਿਲਾਂ ਕੀ ਸੋਚਦੀ ਹੈ ਕਿ ਪਾਰਟੀ ਦੀ ਮਰਦ ਜਾਤ ਬਿਰਤੀ ਅਤੇ ਔਰਤ ਜਾਤ ਬਿਰਤੀ ਸਾਨੂੰ ਦਬਾ ਕੇ ਰੱਖਣਗੇ?” ਰੂਬੀ ਦਾ ਸਵਾਲ ਬਹੁਤ ਤਲਖ਼ ਸੀ, ਪਰ ਮੁੱਖ ਲੀਡਰਸ਼ਿਪ ਦਾ ਜਵਾਬ ਬਹੁਤ ਹੀ ਸੁਹਿਰਦ ਸੀ। “ਆਪ ਜੀ ਵਰਗੀਆਂ ਪੜ੍ਹੀਆਂ ਲਿਖੀਆਂ ਔਰਤਾਂ ਨਾਲ ਕੰਮ ਕਰਕੇ ਸਾਡੀ ਪਾਰਟੀ ਸਮਾਜ ਵਿੱਚ ਇੱਕ ਨਵੀਆਂ ਪੈੜਾਂ ਤੇ ਚੱਲ ਰਹੀ ਹੈ ਅਤੇ ਅਸੀਂ ਫਕਰ੍ਹ ਨਾਲ ਕਹਿ ਰਹੇ ਹਾਂ ਕਿ ਆਪ ਜੀ ਵਰਗੀਆਂ ਔਰਤਾਂ ਸਾਡੀ ਪਾਰਟੀ ਦੀ ਅਗਵਾਈ ਕਰ ਰਹੀਆਂ ਹਨ।” ਸੁਹਿਰਦਤਾ ਦੇ ਬੋਲ ਰੂਬੀ ਨੂੰ ਸਮੁੰਦਰ ਵਿੱਚ ਗੋਤੇ ਲਗਵਾ ਰਹੇ ਸਨ। ਰੂਬੀ ਸਿਰਫ ਸੁਣ ਰਹੀ ਸੀ, ਬੋਲ ਕੁਝ ਨਹੀਂ ਸੀ ਰਹੀ। “ਆਪ ਜੀ ਬਹੁਤ ਸੋਹਣਾ ਕਰ ਰਹੇ ਹੋ। ਸਾਨੂੰ ਆਪ ਜੀ ਤੋਂ ਇਸ ਤੋਂ ਵੀ ਵੱਧ ਦੀ ਉਮੀਦ ਹੈ।” ਰੂਬੀ ਦਾ ਸਾਰਾ ਬੋਝ ਉਤਰ ਚੁੱਕਾ ਸੀ। ਰੂਬੀ ਟਹਿਲ ਰਹੀ ਸੀ। ਮੁਸਕੁਰਾ ਰਹੀ ਸੀ। ਸਾਰੀ ਦੁਨੀਆ ਸਮੁੰਦਰ ਲੱਗ ਰਹੀ ਸੀ। ਮਰਦ ਜਾਤ ਬਿਰਤੀ ਅਤੇ ਔਰਤ ਜਾਤ ਬਿਰਤੀ ਸਮੁੰਦਰ ਦੀਆਂ ਵੱਡੀਆਂ-ਵੱਡੀਆਂ ਛੱਲਾਂ ਲੱਗ ਰਹੀਆਂ ਸਨ। ਜੋ ਉਸਨੂੰ ਆਪਣੀ ਆਗੋਸ਼ ਵਿੱਚ ਲੈ ਕੇ ਬਹਾ ਕੇ ਦੂਰ ਲੈ ਕੇ ਜਾਣ ਨੂੰ ਤਿਆਰ ਸਨ। ਪਰ ਰੂਬੀ ਉਹਨਾਂ ਉੱਚੀਆਂ ਲਹਿਰਾਂ ਵਿੱਚੋਂ ਨਿਕਲ ਕੇ ਸਮੁੰਦਰ ਦੇ ਤੈਰਾਕ ਵਾਂਗ ਮੁਸਕੁਰਾ ਰਹੀ ਸੀ। ਨਵੇਂ ਜੋਸ਼ ਅਤੇ ਨਵੀਂ ਸੋਚ ਨਾਲ ਸਿਆਸਤ ਵਿੱਚ ਸਿਆਸਤ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ।

**-ਰਸ਼ਿਪੰਦਰ ਕੌਰ ਗਿੱਲ, ਸੰਸਥਾਪਕ ਅਤੇ ਪ੍ਰਧਾਨ**
**ਪੀਂਘਾਂ ਸੋਚ ਦੀਆਂ, ਸਾਹਿਤ ਮੰਚ, ਪਬਲੀਕੇਸ਼ਨ, ਮੈਗਜ਼ੀਨ**
**+91-9888697078**

## 74 ਸਾਲਾ ਐਸਪੀ ਸ਼ਰਮਾ ਨੇ ਮੈਸੂਰ ਵਿਖੇ 44ਵੀਂ ਨੈਸ਼ਨਲ ਵੈਟਰਨ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ

# 3 ਗੋਲਡ ਮੈਡਲ ਤੇ 2 ਬਰਾਉਨ ਮੈਡਲ ਜਿੱਤ ਕੇ ਹੁਸ਼ਿਆਰਪੁਰ ਦਾ ਨਾਂ ਕੀਤਾ ਰੌਸ਼ਨ



**ਹੁਸ਼ਿਆਰਪੁਰ, 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਇੱਥੇ ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕਟ 119 ਵੱਲੋਂ 44ਵੇਂ ਨੈਸ਼ਨਲ ਵੈਟਰਨ ਅਥਲੈਟਿਕਸ ਚੈਂਪੀਅਨਸ਼ਿਪ (ਮੈਸੂਰ) ਤੋਂ 3 ਗੋਲਡ ਮੈਡਲ ਅਤੇ 2 ਬਰਾਊਨਜ਼ ਮੈਡਲ ਜਿੱਤ ਕੇ ਆਏ 74 ਸਾਲਾਂ ਦੇ ਇੰਜੀਨੀਅਰ ਐਸ.ਪੀ. ਸ਼ਰਮਾ ਦੇ ਹੁਸ਼ਿਆਰਪੁਰ ਪੁੱਜਣ ਤੇ ਇੱਕ ‘ਜੀ ਆਇਆ ਨੂੰ’ ਪ੍ਰੋਗਰਾਮ ਦਾ ਆਯੋਜਨ ਸਥਾਨਕ ਹੋਟਲ ਸ਼ਿਰਾਜ ਰੀਜੇਂਸੀ ਵਿਖੇ ਕੀਤਾ ਗਿਆ। ਇਸ ਮੌਕੇ ਤੇ ਲੈਫਟੀਨੈਂਟ ਜਨਰਲ ਜੇ.ਐਸ. ਢਿੱਲੋ, ਐਲੀ ਅਸ਼ੋਕ ਪੁਰੀ ਇੰਟਰਨੈਸ਼ਨਲ ਡਾਇਰੈਕਟਰ ਅਤੇ ਐਲੀ ਐਡਵੋਕੇਟ ਐਸ.ਪੀ. ਰਾਣਾ, ਪਾਸਟ ਡਿਸਟ੍ਰਿਕਟ ਗਵਰਨਰ ਐਲੀ ਰਮੇਸ਼ ਕੁਮਾਰ ਅਤੇ ਡਿਸਟ੍ਰਿਕਟ ਗਵਰਨਰ ਐਲੀ ਵਿਵੇਕ ਸਾਹਨੀ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਸਾਰੇ ਪ੍ਰੋਗਰਾਮ ਦੇ ਸੰਚਾਲਕ ਡਾ. ਸੁਖਦੇਵ ਸਿੰਘ ਢਿੱਲੋ ਸਨ। ਇਸ ਮੌਕੇ ਤੇ ਡਾ. ਸੁਖਦੇਵ ਸਿੰਘ ਢਿੱਲੋ ਨੇ ਦੱਸਿਆ ਕਿ ਵੈਟਰਨ ਅਥਲੀਟ ਐਸ.ਪੀ. ਸ਼ਰਮਾ ਨੇ ਲੰਬੀ ਛਾਲ 3.87, ਉੱਚੀ ਛਾਲ 1.05 ਵਿੱਚ ਗੋਲਡ ਮੈਡਲ ਅਤੇ 100 ਮੀਟਰ 14.86 ਅਤੇ 200 ਮੀਟਰ ਦੌੜ 32.56 ਸੈਕਿੰਡ ਵਿੱਚ ਪੂਰੀ ਕਰਕੇ ਦੂਸਰਾ ਸਥਾਨ ਹਾਸਲ ਕੀਤਾ। ਉਨਾਂ ਦੱਸਿਆ ਕਿ 4 ਗੁਣਾ 100 ਮੀਟਰ ਰੇਸ ਵਿੱਚ ਉਹਨਾਂ ਨੇ ਗੋਲਡ ਮੈਡਲ ਪ੍ਰਾਪਤ ਕਰਕੇ ਹੁਸ਼ਿਆਰਪੁਰ ਦਾ ਨਾਂ ਰੋਸ਼ਨ ਕੀਤਾ ਹੈ। ਇਸ ਮੌਕੇ ਤੇ ਰਿਟਾਇਰਡ ਲੈਫਟੀਨੈਂਟ ਜਨਰਲ ਜੇ.ਐਸ.ਢਿੱਲੋ ਨੇ 74 ਸਾਲ ਦੀ ਉਮਰ ਵਿੱਚ ਆਪਣੀ ਫਿਟਨੈਸ ਦਾ ਧਿਆਨ ਰੱਖਣ ਦੇ ਨਾਲ ਹੁਸ਼ਿਆਰਪੁਰ ਦੇ ਨਾਲ-ਨਾਲ ਪੰਜਾਬ ਅਤੇ ਦੇਸ਼ ਦਾ ਨਾਮ ਰੋਸ਼ਨ ਕਰਨ ਲਈ ਮੁਬਾਰਕਬਾਦ ਦਿੱਤੀ ਅਤੇ ਵੈਟਰਨ ਖੇਡਾਂ ਵਿੱਚ ਹੁਸ਼ਿਆਰਪੁਰ ਦੇ ਸੀਨੀਅਰ ਸਿਟੀਜਨਾਂ ਨੂੰ ਨਾਲ ਲੈ ਕੇ ਵੈਟਰਨ ਸੱਭਿਆਚਾਰ ਪੈਦਾ ਕਰਨ ਲਈ ਕਿਹਾ। ਐਲੀ ਰਮੇਸ਼ ਕੁਮਾਰ, ਐਲੀ ਵਿਵੇਕ ਸਾਹਨੀ ਤੇ ਐਲੀ ਐਡਵੋਕੇਟ ਐਸ.ਪੀ.ਰਾਣਾ ਦੇ ਉਪਰੰਤ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਸਾਲ 2025-26 ਦੇ ਇੰਟਰਨੈਸ਼ਨਲ ਡਾਇਰੈਕਟਰ ਐਲੀ ਅਸ਼ੋਕ ਪੁਰੀ ਨੇ 74 ਸਾਲ ਦੇ ਐਥਲੀਟ ਅਤੇ ਸਨ 2000 ਤੋਂ ਹੁਣ ਤੱਕ ਲਗਾਤਾਰ ਵੈਟਰਨ ਖੇਡਾਂ ਵਿੱਚ ਮੈਡਲ ਜਿੱਤਣ ਤੇ ਮੁਬਾਰਕਬਾਦ ਦਿਤੀ, ਉਨਾਂ ਇਸ ਮੌਕੇ ਇਹ ਵੀ ਐਲਾਨ ਕੀਤਾ ਕਿ ਐਸ.ਪੀ. ਸ਼ਰਮਾ ਜੀ ਅਲਾਇੰਸ ਕਲੱਬ ਦੇ ਸੁਪਰ ਸੀਨੀਅਰ ਸਿਟੀਜਨ ਦੇ ਸਨਮਾਨਿਤ ਮੈਂਬਰ ਹੋਣਗੇ। ਇਸ ਮੌਕੇ ਤੇ ਹਾਕੀ ਦੀ ਉੱਘੀ ਖਿਡਾਰਨ ਸ਼੍ਰੀਮਤੀ ਗੁਰਸ਼ਰਨ ਕੌਰ ਢਿੱਲੋ ਨੇ ਵੀ ਮੁੱਖ ਮਹਿਮਾਨ ਐਸ.ਪੀ. ਸ਼ਰਮਾ ਨੂੰ ਮੁਬਾਰਕਬਾਦ ਦਿਤੀ। ਇਸ ਉਪਰੰਤ ਵੈਟਰਨ ਅਥਲੀਟ ਐਸਪੀ ਸ਼ਰਮਾ ਨੂੰ ਸਨਮਾਨਿਤ ਕੀਤਾ ਗਿਆ।

# ਪਹਿਲਗਾਮ ਹਮਲਾ ਹਿੰਦੂਆਂ ’ਤੇ ਹੀ ਨਹੀਂ, ਕਸ਼ਮੀਰੀਆਂ ਅਤੇ ਮੁਸਲਮਾਨਾਂ ’ਤੇ ਵੀ ਹੋਇਆ



**22 ਅਪ੍ਰੈਲ** 2025 ਨੂੰ ਕਸ਼ਮੀਰ ਦੇ ਪਹਿਲਗਾਮ ਵਿੱਚ ਇੱਕ ਹਮਲਾ ਹੋਇਆ ਜਿਸ ਵਿੱਚ 27 ਦੇ ਕਰੀਬ ਨਿਰਦੋਸ਼ ਲੋਕ ਮਾਰੇ ਗਏ। ਇਸ ਹਮਲੇ ਨੂੰ ਰਾਸ਼ਟਰੀ ਮੀਡੀਆ ਅਤੇ ਭਾਰਤ ਸਰਕਾਰ ਇੱਕ ਪਾਸੜ ਤੋਂ ਵਿਖਾ ਰਹੀ ਹੈ। ਹਿੰਦੂਆਂ ਨੂੰ ਮਜ਼ਲੂਮ ਅਤੇ ਮੁਸਲਮਾਨਾਂ ਨੂੰ ਕਾਇਰ ਦੱਸਿਆ ਜਾ ਰਿਹਾ ਹੈ। ਇੰਝ ਪੇਸ਼ ਕੀਤਾ ਜਾ ਰਿਹਾ ਹੈ ਕਿ ਇਹ ਹਮਲਾ ਅੱਤਵਾਦੀਆਂ ਨੇ ਨਹੀਂ, ਬਲਕਿ ਕਸ਼ਮੀਰੀ ਮੁਸਲਮਾਨਾਂ, ਭਾਰਤੀ ਮੁਸਲਮਾਨਾਂ ਜਾਂ ਪਾਕਿਸਤਾਨੀ ਮੁਸਲਮਾਨਾਂ ਨੇ ਕੀਤਾ ਹੋਵੇ। ਇਸ ਹਮਲੇ ਨੂੰ ਇੱਕ ਕੌਮ ਦੇ ਨਾਲ ਜੋੜਿਆ ਜਾ ਰਿਹਾ ਹੈ, ਮੁਸਲਮਾਨਾਂ ਦੀ ਨਸਲਕੁਸ਼ੀ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ, ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਫੈਲਾਈ ਜਾ ਰਹੀ ਹੈ। ਜਿਸ ਤੋਂ ਬਾਅਦ ਛੇਤੀ ਹੀ ਜ਼ਿਹਰ ਉਗਲਵੇਂ ਬੋਲਾਂ ਦੇ ਸਿੱਟੇ ਨਿਕਲਣੇ ਵੀ ਸ਼ੁਰੂ ਹੋ ਗਏ ਹਨ, ਹੁਣ ਕੁਝ ਫ਼ਿਰਕੂ ਹਿੰਦੁਤਵੀਆਂ ਵੱਲੋਂ ਭਾਰਤ ਵਿੱਚ ਥਾਂ-ਥਾਂ ’ਤੇ ਮੁਸਲਮਾਨਾਂ ਉੱਤੇ ਹਮਲੇ ਕੀਤੇ ਜਾ ਰਹੇ ਹਨ, ਮੁਸਲਮਾਨਾਂ ਦੀਆਂ ਦੁਕਾਨਾਂ ਸਾੜੀਆਂ ਜਾ ਰਹੀਆਂ ਹਨ, ਕੱਟੜਵਾਦੀ ਭੀੜਾਂ ਵੱਲੋਂ ਮੁਸਲਿਮ ਨੌਜਵਾਨਾਂ ਦੀ ਕੁੱਟਮਾਰ ਕੀਤੀ ਜਾ ਰਹੀ ਹੈ, ਭਗਵੇਂ ਬ੍ਰਿਗੇਡ ਵੱਲੋਂ ਕੀਤੀ ਹਿੰਸਾ ਦਾ ਸ਼ਿਕਾਰ ਹੋਇਆ ਇੱਕ ਮੁਸਲਿਮ ਨੌਜਵਾਨ ਆਪਣੀ ਜਾਨ ਵੀ ਗਵਾ ਚੁੱਕਾ ਹੈ, ਪੰਜਾਬ ਅਤੇ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਵੀ ਕੁਝ ਘਟਨਾਵਾਂ ਸਾਹਮਣੇ ਆਈਆਂ ਹਨ ਕਿ ਕੱਟੜਵਾਦੀ ਹਿੰਦੂਆਂ ਵੱਲੋਂ ਕਾਲਜਾਂ-ਯੂਨੀਵਰਸਿਟੀਆਂ ਵਿੱਚ ਪੜ੍ਹਨ ਆਏ ਕਸ਼ਮੀਰੀ ਮੁਸਲਿਮ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੂੰ ਤੰਗ-ਪ੍ਰੇਸ਼ਾਨ, ਛੇੜ-ਛਾੜ ਅਤੇ ਮਾਰਨ-ਕੁੱਟਣ ਦਾ ਯਤਨ ਕੀਤਾ ਗਿਆ ਜਿਸ ਦਾ ਪਤਾ ਲੱਗਦਿਆਂ ਸਾਰ ਸਿੱਖ ਵਿਦਿਆਰਥੀਆਂ ਅਤੇ ਸਿੱਖ ਜਥੇਬੰਦੀਆਂ ਨੇ ਕਸ਼ਮੀਰੀ ਵਿਦਿਆਰਥੀਆਂ ਦੀ ਹਿਫ਼ਾਜ਼ਤ ਕੀਤੀ ਅਤੇ ਫ਼ਿਰਕੂ ਹਿੰਦੂਤਵੀਆਂ ਨੂੰ ਤਾੜਨਾ ਕੀਤੀ ਕਿ ਉਹ ਆਪਣੇ ਘਟੀਆ ਮਨਸੂਬਿਆਂ ਤੋਂ ਬਾਜ ਆਉਣ, ਪੰਜਾਬ ਵਿੱਚ ਕਿਸੇ ਮੁਸਲਮਾਨ ਦਾ ਜਾਨੀ-ਮਾਲੀ ਨੁਕਸਾਨ ਨਹੀਂ ਹੋਣ ਦਿੱਤਾ ਜਾਏਗਾ।

ਜੇਕਰ ਇਸ ਸਾਰੇ ਘਟਨਾਕ੍ਰਮ ’ਤੇ ਝਾਤ ਮਾਰੀਏ ਤਾਂ ਸਾਫ਼ ਦਿਸ ਰਿਹਾ ਹੈ ਕਿ ਪਹਿਲਗਾਮ ਹਮਲਾ ਇਕੱਲਾ ਹਿੰਦੂਆਂ ’ਤੇ ਹੀ ਨਹੀਂ ਬਲਕਿ ਕਸ਼ਮੀਰੀਆਂ ਅਤੇ ਮੁਸਲਮਾਨਾਂ ਉੱਤੇ ਵੀ ਹੋਇਆ ਹੈ। ਪਹਿਲਗਾਮ ਵਿੱਚ ਹਿੰਦੂ ਸੈਲਾਨੀਆਂ ਦੀ ਰਾਖੀ ਕਰਦਾ ਇੱਕ ਮੁਸਲਮਾਨ ਨੌਜਵਾਨ ਵੀ ਅੱਤਵਾਦੀਆਂ ਦੀ ਗੋਲ਼ੀਆਂ ਦਾ ਸ਼ਿਕਾਰ ਬਣ ਗਿਆ, ਉਸ ਦੀ ਬਹਾਦਰੀ ਨੂੰ ਪ੍ਰਣਾਮ ਕਰਨਾ ਬਣਦਾ ਹੈ। ਪਰ ਭਾਰਤੀ ਰਾਸ਼ਟਰੀ ਮੀਡੀਆ, ਭਾਰਤ ਸਰਕਾਰ ਅਤੇ ਫ਼ਿਰਕੂ ਹਿੰਦੂਤਵੀਏ ਉਸ ਮੁਸਲਿਮ ਨੌਜਵਾਨ ਦੀ ਕੋਈ ਗੱਲ ਨਹੀਂ ਕਰ ਰਹੇ ਤੇ ਮੁਸਲਮਾਨਾਂ ਖ਼ਿਲਾਫ਼ ਭੰਡੀ ਪ੍ਰਚਾਰ ਕਰੀ ਆਉਂਦੇ ਨੇ। ਕਸ਼ਮੀਰ ਦੇ ਘੋੜਾ ਚਾਲਕਾਂ, ਦੁਕਾਨਦਾਰਾਂ ਅਤੇ ਹੋਰ ਮੁਸਲਿਮ ਲੋਕਾਂ ਨੇ ਹਿੰਦੂ ਸੈਲਾਨੀਆਂ ਨੂੰ ਬਚਾਉਣ ਲਈ ਹਰ ਪੱਖੋਂ ਆਪਣਾ ਫ਼ਰਜ਼ ਨਿਭਾਇਆ, ਹਮਲੇ ਦੌਰਾਨ ਵੀ ਉਹਨਾਂ ਦਾ ਸਾਥ ਨਾ ਛੱਡਿਆ, ਹਮਲੇ ਵਿੱਚ ਪੀੜਤ ਇੱਕ ਔਰਤ ਖ਼ੁਦ ਮੀਡੀਆ ਸਾਹਮਣੇ ਕਹਿ ਰਹੀ ਹੈ ਕਿ ਮੁਸਲਿਮ ਪਰਿਵਾਰ ਵੀ ਸਾਡੇ ਨਾਲ ਹੀ ਹਿੰਦੂਆਂ ਦੀ ਲਾਈਨ ਵਿੱਚ ਖੜ੍ਹੇ ਰਹੇ, ਉਹਨਾਂ ਨੇ ਅੱਤਵਾਦੀਆਂ ਨੂੰ ਕਿਹਾ ਕਿ ਇਹਨਾਂ ਨੂੰ ਨਾ ਮਾਰੋ, ਮੁਸਲਿਮ ਨੌਜਵਾਨਾਂ ਨੇ ਜ਼ਖ਼ਮੀ ਸੈਲਾਨੀਆਂ ਨੂੰ ਹਸਪਤਾਲਾਂ ’ਚ ਪਹੁੰਚਾਇਆ, ਮਾਰੇ ਗਏ ਹਿੰਦੂ ਵਿਅਕਤੀ ਦੀ ਭੈਣ ਕਹਿ ਰਹੀ ਹੈ ਕਿ ਡੇਢ ਘੰਟੇ ਤਕ ਉਥੇ ਫ਼ੌਜ ਨਾ ਆਈ ਤੇ ਕਸ਼ਮੀਰੀ ਲੋਕਾਂ ਨੇ ਹੀ ਸਾਡੀ ਸਹਾਇਤਾ ਕੀਤੀ, ਕਈ ਬੱਚਿਆਂ ਨੂੰ ਵੀ ਉਹਨਾਂ ਨੇ ਹੀ ਸਾਂਭਿਆ। ਕਸ਼ਮੀਰੀ ਮੁਸਲਿਮ ਲੋਕ ਸੜਕਾਂ ਉੱਤੇ ਆਏ, ਇਸ ਹਮਲੇ ਦੀ ਭਾਰੀ ਨਿਖੇਧੀ ਕੀਤੀ, ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ, ਸੈਲਾਨੀਆਂ ਲਈ ਗੱਡੀਆਂ-ਹੋਟਲ ਅਤੇ ਹੋਰ ਸਮਾਨ ਫ੍ਰੀ ਕਰ ਦਿੱਤਾ, ਉਹਨਾਂ ਦੀ ਰਾਖੀ ਅਤੇ ਮਦਦ ਲਈ ਹਿੱਕ ਤਾਣ ਕੇ ਖੜ੍ਹ ਗਏ, ਕਸ਼ਮੀਰ ਦੇ ਸਿੱਖਾਂ ਨੇ ਵੀ ਗੁਰਦੁਆਰਿਆਂ ’ਚ ਸੈਲਾਨੀਆਂ ਨੂੰ ਠਹਿਰਾਇਆ ਅਤੇ ਉਹਨਾਂ ਨੂੰ ਪੈਸੇ ਤੇ ਹਰ ਪ੍ਰਕਾਰ ਮਦਦ ਕੀਤੀ ਅਤੇ ਪ੍ਰਦਰਸ਼ਨ ਕੀਤੇ।

ਕਸ਼ਮੀਰ ਦੇ ਹਰ ਮੁਸਲਮਾਨ ਵਿੱਚ ਇਸ ਹਮਲੇ ਨੂੰ ਲੈ ਕੇ ਰੋਹ ਤੇ ਰੋਸ ਹੈ, ਦੁਕਾਨਾਂ ਉੱਤੇ ਕਾਲੇ ਝੰਡੇ ਲਾਏ ਗਏ ਅਤੇ ਸੜਕਾਂ ਉੱਤੇ ਵੀ ਲਹਿਰਾਏ ਗਏ, ਉਹਨਾਂ ਕਿਹਾ ਕਿ ਟੂਰਿਸਟ ਹਮਾਰੀ ਜਾਨ ਅਤੇ ਸ਼ਾਨ ਹੈ। ਉਹਨਾਂ ਸਿੱਖ, ਮੁਸਲਿਮ, ਹਿੰਦੂ, ਇਸਾਈ ਭਾਈ-ਭਾਈ ਦੇ ਨਾਅਰੇ ਵੀ ਲਗਾਏ, ਮੁਸਲਿਮ ਔਰਤਾਂ ਵੀ ਰੋਂਦੀਆਂ ਰਹੀਆਂ, ਉਹਨਾਂ ਨੇ ਪੂਰੀ ਇੱਕਜੁੱਟਤਾ ਵਿਖਾਈ। ਪਹਿਲਗਾਮ ਵਿੱਚ ਹੋਏ ਹਮਲੇ ਤੋਂ ਬਾਅਦ ਜਿਵੇਂ ਮੁਸਲਮਾਨਾਂ ਨੂੰ ਭੰਡਿਆ ਗਿਆ, ਉਸ ਦੇ ਬਿਲਕੁਲ ਉਲਟ ਕਸ਼ਮੀਰ ਅਤੇ ਭਾਰਤ ਦੇ ਹੋਰ ਮੁਸਲਮਾਨ ਤਾਂ ਇਸ ਹਮਲੇ ਵਿਰੁੱਧ ਪੂਰੀ ਭੜਾਸ ਕੱਢਦੇ ਨਜ਼ਰ ਆ ਰਹੇ ਹਨ ਅਤੇ ਉਹ ਸਪੱਸ਼ਟੀਕਰਨ ਦੇਣ ਲਈ ਵੀ ਮਜ਼ਬੂਰ ਹਨ। ਇਸ ਹਮਲੇ ਮਗਰੋਂ ਫੈਲਾਈ ਗਈ ਨਫ਼ਰਤ ਅਤੇ ਬਣਾਏ ਮਾਹੌਲ ਕਾਰਨ ਮੁਸਲਮਾਨਾਂ ਨੂੰ ਖ਼ਤਰਾ ਅਤੇ ਡਰ ਮਹਿਸੂਸ ਹੋ ਰਿਹਾ ਹੈ, ਉਹਨਾਂ ਉੱਤੇ ਜਿਨਸੀ ਹਮਲੇ ਹੋ ਰਹੇ ਹਨ, ਕਸ਼ਮੀਰ ਵਿੱਚੋਂ ਸੈਲਾਨੀ ਵੱਡੀ ਗਿਣਤੀ ਵਿੱਚ ਵਾਪਸ ਆ ਰਹੇ ਹਨ, ਕਸ਼ਮੀਰੀ ਲੋਕਾਂ ਦੀ ਆਰਥਿਕਤਾ ਨੂੰ ਭਾਰੀ ਸੱਟ ਵੱਜੀ ਹੈ, ਕਸ਼ਮੀਰ ਦੇ ਅਜ਼ਾਦੀ ਸੰਘਰਸ਼ ਦਾ ਵੀ ਨੁਕਸਾਨ ਹੋਇਆ ਹੈ ਜਿਸ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਪਹਿਲਗਾਮ ਹਮਲਾ ਕੇਵਲ ਹਿੰਦੂਆਂ ’ਤੇ ਹੀ ਨਹੀਂ, ਬਲਕਿ ਕਸ਼ਮੀਰੀਆਂ ਅਤੇ ਮੁਸਲਮਾਨਾਂ ਉੱਤੇ ਵੀ ਹੋਇਆ ਹੈ। ਸਰਕਾਰ ਅਤੇ ਮੀਡੀਆ ਵੱਲੋਂ ਘੜੇ ਜਾ ਰਹੇ ਬਿਰਤਾਂਤ ਨੂੰ ਸਮਝਣ ਅਤੇ ਤੋੜਨ ਦੀ ਲੋੜ ਹੈ, ਮੁਸਲਮਾਨਾਂ ਖ਼ਿਲਾਫ਼ ਰਚੀ ਜਾ ਰਹੀ ਸਾਜ਼ਿਸ਼ ਨੂੰ ਪਛਾਨਣ ਦੀ ਲੋੜ ਹੈ, ਹਮਲੇ ਦੇ ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਪਰ ਉਹਨਾਂ ਦੀ ਆੜ ਹੇਠ ਨਿਰਦੋਸ਼ੇ ਮੁਸਲਮਾਨਾਂ ਦਾ ਕਤਲੇਆਮ ਕਰਨਾ ਸਰਕਾਰੀ ਨੀਤੀ ਅਤੇ ਫ਼ਿਰਕੂ ਮਾਨਸਿਕਤਾ ਹੈ ਜਿਸ ਦੇ ਖ਼ਿਲਾਫ਼ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਹਰੇਕ ਵਿਅਕਤੀ ਨੂੰ ਆਵਾਜ਼ ਬੁਲੰਦ ਕਰਨ ਦੀ ਲੋੜ ਹੈ।





**- ਰਣਜੀਤ ਸਿੰਘ ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ)**
**ਮੋ : 88722-93883**




# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

# ਇੱਕ ਨਜ਼ਰ...



## 12000 ਪਰਾਲੀ ਦੀਆਂ ਗੱਠਾਂ ਅੱਗ ਦੀ ਚਪੇਟ 'ਚ ਆਉਣ ਕਾਰਨ ਸੜਿਆਂ

ਤਲਵੰਡੀ ਸਾਬੋ, 27 ਅਪ੍ਰੈਲ (ਸਨੀ ਮਾਨ ਮੁਸਾਫ਼ਿਰ)- ਬੀਤੇ ਦਿਨੀ ਸ਼ਾਮ 6:30 ਦੇ ਕਰੀਬ ਪੈਣ ਗਰੀਨ ਫਿਊਲਸ ਪ੍ਰਾਈਵੇਟ ਲਿਮਟਿਡ ਦੇ ਪਰਾਲੀ ਦੀਆਂ ਗਠਾਂ ਦੇ ਡੰਪ ਜਿਹੜੇ ਕਿ ਇੰਡੀਅਨ ਆਇਲ ਪੰਪ ਨਥੇਹਾ ਵਿੱਚ ਲੱਗਿਆ ਹੋਇਆ ਸੀ ਉਸਨੂੰ ਅਚਾਨਕ ਅੱਗ ਪੈ ਗਈ ਤੇ ਮੌਕੇ ਤੇ ਹਨੇਰੀ ਆਉਣ ਕਰਕੇ ਹਵਾ ਦਾ ਪ੍ਰਭਾਵ ਤੇਜ ਹੋਣ ਕਰਕੇ 9 ਏਕੜ ਵਿੱਚ ਪਿਆ ਲਗਭਗ 12000 ਪਰਾਲੀ ਦੀਆਂ ਗੱਠਾਂ ਅੱਗ ਦੀ ਚਪੇਟ ਚ ਆ ਗਈਆਂ ਜਿਹਨਾਂ ਦੀ ਕੀਮਤ 2.70 ਦੇ ਆਸਪਾਸ ਦੱਸੀ ਜਾ ਰਹੀ ਹੈ ਥੋੜੇ ਸਮੇਂ ਬਾਅਦ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਵੀ ਪਹੁੰਚ ਗਈਆ ਸਨ ਪਰ ਅੱਗ ਤੇ ਕਾਬੂ ਪਾਉਣ ਵਿੱਚ ਉਹ ਵੀ ਅਸਮਰਥ ਰਹੀਆਂ, ਪਰ ਇਸ ਵਿੱਚ ਜਾਨੀ ਨੁਕਸਾਨ ਹੋਣ ਤੋਂ ਬਚਾ ਰਹਿ ਗਿਆ।

## ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਵਿੱਖੇ ਮੈਡੀਕਲ ਕੈਂਪ ਅਤੇ ਫ਼ੌਜ ਵਿੱਚ ਪੁਰਾਣੇ ਕੇਸਾਂ ਬਾਰੇ ਜਾਣਕਾਰੀ ਹਾਸਿਲ ਕਰਨ ਅੱਜ: ਸੰਤ ਬਾਬਾ ਸੱਜਣ ਸਿੰਘ

ਚੌਕ ਮਹਿਤਾ, 27 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)- ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪਵਿੱਤਰ ਪਾਵਨ ਅਸਥਾਨ ਗੁਰਦੁਆਰਾ



ਗੁਰੂ ਕੀ ਬੇਰ ਸਾਹਿਬ ਬੋਪਾਰਾਏ (ਮੱਤੇਵਾਲ) ਵਿੱਖੇ ਸੰਤ ਬਾਬਾ ਸੱਜਣ ਸਿੰਘ ਦੀ ਅਗਵਾਈ ਹੇਠ ਅਤੇ ਲੈਫੀਟੀਨੈਂਟ ਗੁਰਪ੍ਰੀਤ ਸਿੰਘ ਦੇ ਸਹਿਯੋਗ ਸਵੇਰੇ 8,30 ਵਜੇ ਨਾਲ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਡਾਕਟਰਾਂ ਦੀ ਮਾਹਰ ਟੀਮ ਮਰੀਜਾਂ ਦਾ ਮੁਫਤ ਚੈਕਅਪ ਕਰਕੇ ਅਤੇ ਮੁਫ਼ਤ ਦੀਵਾਈਆ ਦਿੱਤੀਆਂ ਜਾਣਗੀਆਂ। ਅਤੇ ਫੋਜ ਆਰਮੈਡ ਕੌਰਪਸ ਰਿਕਾਰਡ ਆਉਟਟੈਰਕ ਪੋਰਗਾਮ ਵੱਲੋਂ ਵਿੱਚ ਪੁਰਾਣੇ ਕੇਸਾ ਦੀ ਸੁਣਵਾਈ ਵੀ ਕੀਤੀ ਜਾਵੇਗੀ। ਜਿਸ ਵਿੱਚ ਪੈਨਸਨ ਸਹਾਇਤਾ ਅਤੇ ਸਿਕਾਇਤ ਦਾ ਤੁਰੰਤ ਨਿਵਾਰਨ,ਸੇਵਾ ਲਾਭਾ ਬਾਰੇ ਮਾਰਗਦਰਸ਼ਨ, ਈ ਸੀ ਐਚ ਐਸ, ਉ ਆਰ ਉ ਪੀ ਵੰਨ ਰੈਕ ਵੰਨ ਪੈਨਸ਼ਨ ਦਸਤਾਵੇਜ਼ ਅੱਪਡੇਟ, ਪੀ ਪੀ ਉ ਪੈਨਸ਼ਨ ਭੁਗਤਾਨ ਆਦੇਸ਼,ਸਿਫਾਰਸ ਡੀ ਐਲ ਸੀ !ਐਮ ਐਲ ਸੀ ਅਤੇ ਹੋਰ ਸਹਾਇਤਾ ਮਹੱਤਵਪੂਰਣ ਜਾਣਕਾਰੀ, ਕਿਰਪਾ ਕਰਕੇ ਆਪਣੇ ਸਾਰੇ ਦਸਤਾਵੇਜ਼ ਸਰਵਿਸ ਡੈਕੂਮੈਟ ਨਾਲ ਲਿਆਉ, ਸਮੂਹ ਇਲਾਕੇ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਅੱਜ 28 ਅਪ੍ਰੈਲ 2025 ਦਿਨ ਸੋਮਵਾਰ ਨੂੰ ਵੱਧ ਤੋਂ ਵੱਧ ਆਪਣੇ ਸਰੀਰ ਦਾ ਮੁਫ਼ਤ ਚੈਕਪਿਕ ਕਰਵਾਕੇ ਕੈਂਪ ਦਾ ਲਾਹ ਲੈਣ ਅਤੇ ਫੋਜ ਵਿੱਚ ਪੁਰਾਣੇ ਕੇਸਾ ਬਾਰੇ ਜਾਣਕਾਰੀ ਹਾਸਿਲ ਕਰਨ।

## ਖਾਲਸਾ ਕਾਲਜੀਏਟ ਮਹਿਤਾ ਦੇ ਵਿਦਿਆਰਥੀ ਇਤਿਹਾਸਿਕ ਗੁਰਦੁਆਰਾ ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਹੋਏ ਨਤਮਸਤਕ



ਚੌਕ ਮਹਿਤਾ, 27 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)-ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜੀਏਟ ਮਹਿਤਾ ਦੇ ਵਿਦਿਆਰਥੀਆਂ ਨੂੰ ਇਤਿਹਾਸਿਕ ਗੁਰਦੁਆਰਾ ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਦਰਸ਼ਨ ਦੀਦਾਰੇ ਕਰਵਾਉਣ ਲਈ ਟੂਰ ਕਰਾਇਆ ਗਿਆ।ਅਜਿਹੇ ਸੁਨਹਿਰੇ ਮੌਕੇ ਤੇ ਵਿਦਿਆਰਥੀਆਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸੰਬੰਧਿਤ ਧਾਰਮਿਕ ਸਥਾਨ ਸ਼੍ਰੀ ਭੋਰਾ ਸਾਹਿਬ, ਸ਼੍ਰੀ ਦਰਬਾਰ ਸਾਹਿਬ, ਸ਼੍ਰੀ ਸੀਸ ਮਹਿਲ ,ਸ੍ਰੀ ਮੰਜੀ ਸਾਹਿਬ ਆਦਿ ਗੁਰਧਾਮਾਂ ਦੇ ਦਰਸ਼ਨ ਕੀਤੇ। ਖਾਲਸਾ ਕਾਲਜੀਏਟ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਨੂੰ ਅਜਾਇਬ ਘਰ ਦਿਖਾਉਂਦਿਆਂ ਸਿੱਖ ਧਰਮ ਦੇ ਇਤਿਹਾਸ ਤੋਂ ਜਾਣੂੰ ਕਰਵਾਇਆ।ਸਿੰਘਾਂ ਸਿੰਘਣੀਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਤੇ ਸਿੱਖ ਧਰਮ ਦੀ ਮਹਾਨਤਾ ਨੂੰ ਦੱਸਦਿਆਂ ਉਹਨਾਂ ਕਿਹਾ ਕਿ ਅਜਿਹੇ ਧਾਰਮਿਕ ਟੂਰਾਂ ਦੀ ਸਦਕਾ ਹੀ ਵਿਦਿਆਰਥੀ ਅੰਦਰ ਨੈਤਿਕਤਾ ,ਧਾਰਮਿਕਤਾ ਤੇ ਅਧਿਆਤਮਿਕਤਾ ਆਦਿ ਵਰਗੇ ਗੁਣ ਉਪਜਦੇ ਹਨ।ਜਿਸ ਕਰਕੇ ਮਨੁੱਖ ਇਸ ਘੋਰ ਕਲਯੁਗ ਵਿੱਚ ਨੇਕੀ, ਸੱਚਾਈ ,ਹਲੀਮੀ ਅਤੇ ਇਮਾਨਦਾਰੀ ਨਾਲ ਆਪਣੇ ਨਿਤ ਦੇ ਕਰਮਾਂ ਨੂੰ ਕਰਦਾ ਹੈ ਅਤੇ ਉਸਨੂੰ ਪਰਮੇਸ਼ਰ ਵੱਲੋਂ ਫਲ ਦੀ ਪ੍ਰਾਪਤੀ ਹੁੰਦੀ ਹੈ। ਇਸ ਮੌਕੇ ਕਾਲਜ ਸੁਪਰੀਡੈਂਟ ਕੁਲਦੀਪ ਕੌਰ, ਸੁਖਦੇਵ ਸਿੰਘ,ਮਨਜੀਤ ਕੌਰ ਗੁਰਵਿੰਦਰ ਕੌਰ, ਨਵਨੀਤ ਕੌਰ, ਰਿਤਿਕਾ ਸ਼ਰਮਾ, ਸੁਖਜੀਤ ਸਿੰਘ ,ਬਲਜੀਤ ਕੌਰ ,ਮਨਪ੍ਰੀਤ ਕੌਰ ਰੁਪਿੰਦਰ ਕੌਰ ਅਤੇ ਕਾਬਲ ਸਿੰਘ ਆਦਿ ਹਾਜ਼ਰ ਸਨ ।

## ਲਾਇਨਜ਼ ਕਲੱਬ ਨਾਭਾ ਵੱਲੋਂ ਕੋਰਟ ਕੰਪਲੈਕਸ ਵਿਖੇ ਕੀਤਾ ਵਾਟਰ ਕੂਲਰ ਭੇਟ

ਨਾਭਾ 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)- ਲਾਇਨਜ਼ ਕਲੱਬ, ਨਾਭਾ ਪੀਐਮਜੇਐਫ ਪ੍ਰਧਾਨ ਸੰਨੀ ਸਿੰਗਲਾ ਦੀ ਅਗਵਾਈ ਹੇਠ ਕੋਰਟ ਕੰਪਲੈਕਸ ਨਾਭਾ ਵਿਖੇ ਵਾਟਰ ਕੂਲਰ ਭੇਟ ਕੀਤਾ ਗਿਆ। ਇਸ ਮੌਕੇ ਡਿਸਟ੍ਰਿਕਟ ਗਵਰਨਰ ਐਮ.ਜੇ.ਐਫ. ਲਾਇਨ ਰਵਿੰਦਰ ਸਾਗਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਕਲੱਬ ਦਾ ਉਦੇਸ਼ ਮਨੁੱਖਤਾ ਦੀ ਸੇਵਾ ਕਰਨਾ ਹੈ। ਇਸ ਮੌਕੇ ਕਲੱਬ ਪ੍ਰਧਾਨ ਸੰਨੀ ਸਿੰਗਲਾ ਨੇ ਕਿਹਾ ਕਿ ਕਲੱਬ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ, ਜਿਵੇਂ ਕਿ ਮੈਡੀਕਲ ਚੈਕ ਅਪ ਕੈਂਪ, ਖ਼ੂਨਦਾਨ ਕੈਂਪ, ਅੱਖਾਂ ਦਾ ਚੈੱਕਅਪ ਅਤੇ ਆਪਰੇਸ਼ਨ ਕੈਂਪ ਲਗਾਏ ਜਾਂਦੇ ਹਨ, ਇਹਨਾਂ ਤੋਂ ਇਲਾਵਾ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ, ਬੂਟ, ਜਰਾਬਾ, ਵਰਦੀਆਂ ਆਦਿ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਕੋਰਟ ਕੰਪਲੈਕਸ ਵਿਖੇ ਸਮੂਹ ਵਕੀਲ ਭਾਈਚਾਰੇ ਵੱਲੋਂ ਲਾਇਨਜ਼ ਕਲੱਬ ਦੇ ਪ੍ਰਧਾਨ ਸੰਨੀ ਸਿੰਗਲਾ ਅਤੇ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਉਹਨਾਂ ਕਿਹਾ ਕਿ ਗਰਮੀ ਦੇ ਮੌਸਮ ਨੂੰ ਵੇਖਦੇ ਹੋਏ ਲੋਕਾਂ ਦੀ ਸਹੂਲਤ ਲਈ ਇਹ ਵਾਟਰ ਕੂਲਰ ਦਿੱਤਾ ਗਿਆ ਹੈ।ਇਸ ਮੌਕੇ ਚਰਨ ਸਿੰਘ, ਰਾਜੀਵ ਬਾਂਸਲ, ਸੁਰਿੰਦਰ ਬੀਰ ਸਿੰਘ ਸੇਠੀ, ਗੁਰਮੀਤ ਸਿੰਘ, ਐਡਵੋਕੇਟ ਹਿਮਾਂਸ਼ੂ ਸ਼ਰਮਾ, ਵਿਨੋਦ ਮਿੱਤਲ, ਐਡਵੋਕੇਟ ਗੀਤ ਇਕਬਾਲ ਸਿੰਘ ਮਜੈਲ ਆਦਿ ਹਾਜ਼ਰ ਸਨ।

### ਬਾਪੂ ਤਰਸੇਮ ਸਿੰਘ ਦੀ ਅਗਵਾਈ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪਿੰਡ ਜੱਲੂਪੁਰ ਵਿਖੇ ਹੰਗਾਮੀ ਮੀਟਿੰਗ

## ਸਰਕਾਰ ਆਪਣੀਆਂ ਕੋਝੀਆਂ ਚਾਲਾਂ ਨਾਲ ਸੰਗਤ ਦਾ ਮਨੋਬਲ ਨਹੀਂ ਤੋੜ ਸਕਦੀ : ਬਾਪੂ ਤਰਸੇਮ ਸਿੰਘ



ਅੰਮ੍ਰਿਤਸਰ, 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)- ਅੱਜ ਪਿੰਡ ਜੱਲੂਪੁਰ ਵਿਖੇ ਅਕਾਲੀ ਦਲ ਵਾਰਿਸ ਪੰਜਾਬ ਦੇ ਵਲੋਂ ਬਾਪੂ ਤਰਸੇਮ ਸਿੰਘ ਜੀ ਦੀ ਅਗਵਾਈ ਹੇਠ ਇਕ ਹੰਗਾਮੀ ਮੀਟਿੰਗ ਆਯੋਜਿਤ ਕੀਤੀ ਗਈ।ਮੀਟਿੰਗ ਵਿੱਚ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਪੰਜਾਬ ਭਰ ਤੋਂ ਆਏ ਸੀਨੀਅਰ ਆਗੂਆਂ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਮੌਕੇ ਤੇ ਸਮੂਹ ਲੀਡਰਸ਼ਿਪ ਅਤੇ ਪੰਜਾਬ ਭਰ ਤੋਂ ਆਏ ਪਾਰਟੀ ਦੇ ਆਗੂਆਂ ਨੇ ਭਾਈ ਅੰਮ੍ਰਿਤਪਾਲ ਸਿੰਘ ਜੀ ਉਤੇ ਇਕ ਵਾਰ ਫਿਰ ਤੋਂ ਵਧਾਈ ਗਈ ਐਨ ਐਸ ਏ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਅਸੀਂ ਮੰਨਦੇ ਹਾਂ ਕਿ ਇਹ ਸਰਕਾਰ ਵਲੋਂ ਪੰਜਾਬ ਵਿੱਚ ਉੱਠੀ ਪੰਥਕ ਤੇ ਕੌਮੀ ਜਾਗਰੂਕਤਾ ਨੂੰ ਕੁਚਲਣ ਦੀ ਕੋਸ਼ਿਸ਼ ਹੈ ਅਤੇ ਅਸੀਂ ਸਮੂਹਿਕ ਤੌਰ ਤੇ ਪਾਰਟੀ ਦੇ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਮੋਢੇ ਨਾਲ ਮੋਢਾ ਲਾ ਕੇ ਖੜੇ ਹਾਂ ਤੇ ਉਹਨਾਂ ਲਈ ਹਰ ਤਰਾਂ ਦੀ ਕੁਰਬਾਨੀ ਕਰਨ ਲਈ ਤਿਆਰ ਹਾਂ। ਇਸ ਮੌਕੇ ਬਾਪੂ ਤਰਸੇਮ ਸਿੰਘ ਜੀ ਨੇ ਬੋਲਦਿਆਂ ਹੋਇਆਂ ਕਿਹਾ ਕਿ ਸਰਕਾਰ ਵੱਲੋਂ ਵਿਰੋਧੀ ਪਾਰਟੀਆਂ ਨਾਲ ਮਿਲਕੇ ਜਿਸ ਤਰੀਕੇ ਭਾਈ ਅੰਮ੍ਰਿਤਪਾਲ ਸਿੰਘ ਦੀ ਐਨ ਐਸ ਏ ਵਿੱਚ ਵਾਧਾ ਕੀਤਾ ਗਿਆ ਉਹ ਬਿਲਕੁਲ ਗੈਰ-ਸੰਵਿਧਾਨਿਕ ਅਤੇ ਗੈਰ ਕਨੂੰਨੀ ਹੈ ਅਤੇ ਸਰਕਾਰ ਦੀਆਂ ਅਜਿਹੀਆਂ ਕੋਝੀਆਂ ਚਾਲਾਂ ਸਿੱਖ ਸੰਗਤ ਦੇ ਮਨੋਬਲ ਨੂੰ ਨਹੀਂ ਤੋੜ ਸਕਦੀਆਂ। ਮੀਟਿੰਗ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਉਣ ਵਾਲੀਆਂ ਚੋਣਾਂ ਨੂੰ ਲੈ ਕੇ ਗੰਭੀਰ ਵਿਚਾਰ-ਚਰਚਾ ਹੋਈ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਪੰਜਾਬ ਭਰ ਤੋਂ ਆਏ ਪਾਰਟੀ ਦੇ ਆਗੂ ਸਾਹਿਬਾਨਾਂ ਵੱਲੋਂ ਅਗਾਊਂ ਯੋਜਨਾਂ ਬੰਦੀ ਤੇ ਚੋਣਾਂ ਦੀ ਤਿਆਰੀਆਂ ਸੰਬੰਧੀ ਮਸ਼ਵਰੇ ਲਏ ਗਏ, ਤਾਂ ਜੋ ਪੰਥਕ ਮਰਿਆਦਾ ਅਨੁਸਾਰ SGPC ਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਇਆ ਜਾ ਸਕੇ। ਇਸਦੇ ਨਾਲ ਹੀ ਮੀਟਿੰਗ ਵਿੱਚ ਵਿਰੋਧੀ ਪਾਰਟੀਆਂ ਵਲੋਂ ਸੋਸ਼ਲ ਮੀਡੀਆ ਰਾਹੀਂ ਭਾਈ ਅੰਮ੍ਰਿਤਪਾਲ ਸਿੰਘ ਜੀ ਬਰਖਿਲਾਫ਼ ਚਲਾਏ ਜਾ ਰਹੇ ਕੂੜ ਪ੍ਰਚਾਰ ਦੀ ਸਖ਼ਤ ਨਿੰਦਿਆ ਕੀਤੀ। ਉਹਨਾਂ ਕਿਹਾ ਕਿ ਇਹ ਸਾਜ਼ਿਸ਼ਾਂ ਸੱਚਾਈ ਅਤੇ ਪੰਥ ਦੀ ਅਵਾਜ਼ ਨੂੰ ਦਬਾ ਨਹੀਂ ਸਕਦੀਆਂ। ਪੰਜਾਬ ਦੀ ਨੌਜਵਾਨੀ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਰਿਹਾਈ ਲਈ ਹਰ ਤਰਾਂ ਦੇ ਸੰਘਰਸ਼ ਲਈ ਤਿਆਰ ਹੈ।ਆਖ਼ਰ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੀ ਸਮੂਹ ਲੀਡਰਸ਼ਿਪ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਤੇ ਫਿਰ ਲਗਾਏ ਗਏ ਐਨ ਐਸ ਏ ਹਟਾਉਣ ਲਈ ਸਰਕਾਰ ਵਿਰੁੱਧ ਨਵੀਂ ਵਿਉਂਤਬੰਦੀ ਕਰਨ ਦੇ ਸੰਕੇਤ ਦਿੱਤੇ।

## ਸਲੋਹ ਵਿਖੇ ਖ਼ਾਲਸਾ ਸਾਜਨਾ ਦਿਹਾੜੇ ਮੌਕੇ ਵਿਸ਼ਾਲ ਨਗਰ ਕੀਰਤਨ, ਖਾਲਸਾ ਰਾਜ ਦੇ ਨਾਅਰਿਆਂ ਨਾਲ ਗੂੰਜਿਆ ਅੰਬਰ

### ਖਾਲਿਸਤਾਨ ਸਾਡਾ ਸੁਪਨਾ ਨਹੀਂ ਸਾਡਾ ਹੱਕ ਹੈ - ਸਿੱਖ ਸੰਗਤ



ਸਲੋਹ, 27 ਅਪ੍ਰੈਲ ( ਸਰਬਜੀਤ ਸਿੰਘ ਬਨੂੜ )- ਗੁਰੂਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਅਤੇ ਗੁਰੂਦੁਆਰਾ ਰਾਮਗੜ੍ਹੀਆ ਸਭਾ ਦੇ ਸਾਂਝੇ ਯਤਨਾਂ ਨਾਲ ਵਿਸਾਖੀ ਤੇ ਖ਼ਾਲਸਾ ਸਾਜਨਾ ਦਿਵਸ 'ਤੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ।ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਪਾਲਕੀ , ਪੰਜ ਪਿਆਰਿਆਂ, ਪੰਜ ਨਿਸ਼ਾਨਚੀ ਦੀ ਅਗਵਾਈ ਕਰ ਰਹੇ ਸਨ। ਹੈੱਡ ਗ੍ਰੰਥੀ ਭਾਈ ਜਗਮਿੱਠਾ ਸਿੰਘ ਨੇ ਸਮੂਹ ਸੰਗਤਾਂ ਲਈ ਸਰਬੱਤ ਦੇ ਭਲੇ ਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ।ਗਤਕਾ ਪਾਰਟੀ ਨੇ ਵੱਖ-ਵੱਖ ਜੁੱਧ ਕਲਾਵਾਂ ਦਾ ਪ੍ਰਦਰਸ਼ਨ ਕਰਕੇ ਸੰਗਤ ਨੂੰ ਮੋਹ ਲਿਆ।ਨਗਰ ਕੀਰਤਨ ਦੇ ਰਾਹਾਂ ਵਿੱਚ ਨਗਾਰੇ ਵੱਜਦੇ ਰਹੇ ਤੇ ਵਿਸ਼ੇਸ਼ ਤੌਰ ਤੇ ਖਾਲਿਸਤਾਨ ਦੇ ਝੰਡਿਆਂ ਨਾਲ ਇਲਾਕਾ ਰੁਸ਼ਨਾਇਆ ਗਿਆ ਸੀ। ਵਿਦੇਸ਼ੀ ਧਰਤੀ ਉੱਤੇ ਜੰਮੇ ਬੱਚਿਆਂ ਨੇ ਸਿੱਖੀ ਪਹਿਰਾਵੇ ਪਹਿਨ ਕੇ "ਰਾਜ ਕਰੇਗਾ ਖਾਲਸਾ" ਦੇ ਨਾਅਰੇ ਲਗਾਏ। ਸਥਾਨਕ ਅਤੇ ਆਉਣ ਵਾਲੀਆਂ ਸੰਗਤਾਂ ਲਈ ਥਾ ਥਾ ਲੰਗਰ ਲਗਾਇਆ ਗਿਆ।ਇਸ ਸਮਾਗਮ ਦੀ ਸਮਾਪਤੀ ਗੁਰੂ ਸਿੰਘ ਸਭਾ ਸਪੋਰਟ ਸੈਂਟਰ ਵਿੱਚ ਹੋਈ, ਜਿੱਥੇ ਵਿਸ਼ੇਸ਼ ਧਾਰਮਿਕ ਸਮਾਗਮ ਵਿਚ ਹਜ਼ਾਰਾਂ ਸਿੱਖਾਂ ਨੇ ਸ਼ਬਦ ਗੁਰੂ ਨੂੰ ਨਤਮਸਤਕ ਹੋਏ। ਦੋਵੇਂ ਪਰਬੰਧਕ ਕਮੇਟੀਆਂ ਵੱਲੋਂ ਪੂਰੀ ਸੰਗਤ ਦਾ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿਚ ਵੀ ਇਸ ਤਰ੍ਹਾਂ ਦੇ ਸਮਾਗਮ ਸਜਾਉਣ ਦਾ ਵਾਅਦਾ ਕੀਤਾ ਗਿਆ।ਇਸ ਮੌਕੇ ਸੇਟਰ ਦੇ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਾਏ ਗਏ ਜਿਸ ਵਿੱਚ ਸਿੰਘ ਸਭਾ ਦੇ ਬੱਚਿਆਂ ਵੱਲੋਂ ਕੀਰਤਨ ਕੀਤਾ ਗਿਆ, ਢਾਡੀ ਜਥਾ ਭਾਈ ਨਿਸ਼ਾਨ ਸਿੰਘ ਅਕਾਲ ਤਖ਼ਤ ਸਾਹਿਬ, ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਬਲਵਿੰਦਰ ਸਿੰਘ ਰੰਗੀਲਾ, ਕਵੀਸ਼ਰ ਭਾਈ ਦਲਬੀਰ ਸਿੰਘ ਗਿੱਲ, ਭਾਈ ਮਨਜੀਤ ਸਿੰਘ ਸੋਹੀ, ਢਾਡੀ ਜਥਾ ਭਾਈ ਰਸਾਲ ਸਿੰਘ ਯੂ.ਕੇ, ਭਾਈ ਮਹਿਤਾਬ ਸਿੰਘ ਜਲੰਧਰ ਵਾਲੇ, ਭਾਈ ਮਨਦੀਪ ਸਿੰਘ ਨੇ ਰਸਭਿੰਨਾਂ ਕੀਰਤਨ ਕੀਤਾ ਗਿਆ। ਨਗਰ ਕੀਰਤਨ ਦੌਰਾਨ ਸਲੋਹ ਤੋਂ ਮੈਂਬਰ ਪਾਰਲੀਮੈਂਟ ਸ ਤਨਮਨਜੀਤ ਸਿੰਘ



ਢੇਸੀ ਨੇ ਵਿਸਾਖੀ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕਰਦਿਆਂ, ਸਮੂਹ ਜਗਤ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ। ਢੇਸੀ ਸਾਹਿਬ ਨੇ ਖਾਲਸਾ ਸਾਜਨਾ ਦਿਵਸ ਦੀ ਯਾਦ ਨੂੰ ਤਾਜ਼ਾ ਕਰਦਿਆਂ, ਸਿੱਖ ਕੌਮ ਵੱਲੋਂ ਵਿਸ਼ਵ ਭਰ ਵਿੱਚ ਸਮੁੱਚੇ ਭਾਈਚਾਰੇ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ 'ਤੇ ਸਿੱਖਸ ਫਾਰ ਜਸਟਿਸ ਦੇ ਵੱਡੀ ਗਿਣਤੀ ਵਿੱਚ ਕਾਰਕੁਨਾਂ ਨੇ ਭਾਗ ਲਿਆ। ਤੇ ਖਾਲਿਸਤਾਨ ਦੇ ਝੰਡੇ ਹੱਥਾਂ ਵਿੱਚ ਚੁੱਕੇ ਹੋਏ ਸਨ। ਜਿਕਰਯੋਗ ਹੈ ਕਿ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀਵਾਨ ਹਾਲ ਵਿੱਚ ਲੱਗੇ ਖਾਲਿਸਤਾਨ ਦੇ ਬੈਨਰ ਨੂੰ ਉਤਾਰਨ ਦੇ ਮੰਤਵ ਨਾਲ ਚੈਰਟੀ ਕਮਿਸ਼ਨਰ ਤੇ ਭਾਰਤੀ ਪੱਤਰਕਾਰ ਦੇ ਚੱਲ ਰਹੇ ਝਗੜੇ ਤੋਂ ਬਾਦ ਸੰਗਤਾਂ ਨੇ ਸਮੁੱਚੇ ਨਗਰ ਕੀਰਤਨ ਤੇ ਰਸਤਿਆ ਤੇ ਖਾਲਿਸਤਾਨ ਦੇ ਝੰਡੇ ਝੂਲਾ ਕੇ ਖਾਲਿਸਤਾਨ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ ਗਈ। ਬਹੁਤਾਤ ਸੰਗਤਾਂ ਨੇ ਕਿਹਾ ਕਿ ਖਾਲਿਸਤਾਨ ਸਾਡਾ ਸੁਪਨਾ ਨਹੀਂ ਸਾਡਾ ਹੱਕ ਹੈ ਉਸ ਦੀ ਭਾਰਤ ਤੋ ਅਜ਼ਾਦੀ ਤੱਕ ਹਰ ਸਿੱਖ ਰੈਫਰੈਡਮ ਰਾਹੀਂ ਆਪਣੇ ਅਧਿਕਾਰਾਂ ਦੀ ਵਰਤੋਂ ਕਰ ਰਿਹਾ ਹੈ।

# ਇੱਕ ਨਜ਼ਰ ...



## ਡਾ. ਬਲਜੀਤ ਕੌਰ ਸਮਾਜਿਕ ਸਿੱਖਿਆ ਮੰਤਰੀ ਵਲੋਂ ਦਿਵਿਆਂਗਜਨਾਂ ਨਾਲ ਮੀਟਿੰਗਾਂ ਸਿਰਫ਼ ਖਾਨਾ ਪੂਰਤੀ

ਤਲਵੰਡੀ ਸਾਬੋ, 27 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਸੰਯੁਕਤ ਦਿਵਿਆਂਗ ਮੋਰਚਾ ਪੰਜਾਬ ਦੇ ਬਠਿੰਡਾ ਇਕਾਈ ਦੇ ਆਗੂਆਂ ਰਣਧੀਰ ਸਿੰਘ ਜਗਾ ਰਾਮ ਅਤੇ ਗੁਰਜੰਟ ਸਿੰਘ ਭਾਗੀਵਾਂਦਰ ਨੇ ਪ੍ਰੈਸ ਦੇ ਨਾਮ ਸਾਂਝੇ ਤੌਰ 'ਤੇ ਬਿਆਨ ਰਾਹੀਂ ਜਾਣਕਾਰੀ ਦਿੱਤੀ ਕਿ ਪਿਛਲੇ ਦਿਨੀ ਪੰਜਾਬ ਭਵਨ ਵਿਖੇ ਸਮਾਜਿਕ ਸੁਰੱਖਿਆ ਵਿਭਾਗ ਦੇ ਉਚ ਅਧਿਕਾਰੀਆਂ ਨਾਲ ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਅਤੇ ਵੱਖ-ਵੱਖ ਦਿਵਿਆਂਗਜਨਾਂ ਦੀ ਯੂਨੀਅਨਾਂ ਦੇ ਆਗੂਆਂ ਨਾਲ ਕੀਤੀ ਮੀਟਿੰਗ ਸਿਰਫ ਖਾਨਾ ਪੂਰਤੀ ਹੀ ਸਾਬਤ ਹੋਈ। ਕੁਝ ਯੂਨੀਅਨਾਂ ਦੇ ਆਗੂਆਂ ਨੇ ਇਸ ਮੀਟਿੰਗ ਵਿੱਚ ਭਾਗ ਨਹੀਂ ਲਿਆ ਕਿਉਂਕਿ ਡਾ. ਬਲਜੀਤ ਕੌਰ ਨਾਲ ਪਹਿਲਾਂ ਕਈਂ ਮੀਟਿੰਗਾਂ ਬੇਸਿੱਟਾ ਰਹੀਆਂ। ਇਸੇ ਤਰ੍ਹਾਂ ਇਸ ਮੀਟਿੰਗ ਵਿੱਚ ਵੀ ਸਰਕਾਰ ਵਲੋਂ ਖਾਨਾਪੂਰਤੀ ਹੀ ਕੀਤੀ ਸਿਰਫ਼ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰਸ਼ਾਸ਼ਨ ਨੂੰ ਵੀ ਸਿਰਫ਼ ਤਰੱਕੀਆਂ ਦੇ ਮਾਮਲੇ 'ਤੇ ਹੀ ਗੱਲਬਾਤ ਕੀਤੀ ਗਈ ਜਦਕਿ ਦਿਵਿਆਂਗਾਂ ਦੀ ਮੁੱਖ ਮੰਗਾਂ ਜਿਵੇਂ ਦਿਵਿਆਂਗਾਂ ਦੀ ਪੈਨਸ਼ਨ ਲਈ ਅਲੱਗ ਕੈਟਾਗਿਰੀ ਤੇਜਾਬ ਪੀੜਤਾਂ ਦੀ ਤਰਜ 'ਤੇ ਕਰਨਾ, ਪੈਨਸ਼ਨ ਘੱਟੋ-ਘੱਟ, 5000 ਪ੍ਰਤੀ ਮਹੀਨਾ ਕਰਨਾ, ਨੌਕਰੀਆਂ ਦਾ ਬੈਕਲਾਗ ਪੂਰਾ ਕਰਨਾ, ਬੈਕਲਾਗ ਪੂਰਾ ਨਾ ਕਰਨ ਕਰਕੇ ਓਵਰਏਜ਼ ਹੋਏ ਦਿਵਿਆਂਗਾਂ ਨੂੰ ਬੇਰੁਜ਼ਗਾਰੀ ਭੱਤਾ ਤੇ ਦਿਵਿਆਂਗਜਨਾਂ ਦੇ ਬੱਚਿਆਂ ਦੀ ਕਾਲਜ ਪੱਧਰ ਤੱਕ ਮੁਫ਼ਤ ਪੜਾਈ ਤੇ ਔਰਤਾਂ ਨੂੰ ਮੁਫਤ ਬੱਸ ਕਿਰਾਇਆ ਵਾਂਗ ਦਿਵਿਆਂਗਾਂ ਦਾ ਮੁਫ਼ਤ ਸਫ਼ਰ ਕਰਨ ਵਰਗੀਆਂ ਮੰਗਾਂ ਤੇ ਮੰਤਰੀ ਸਾਹਿਬਾ ਵੱਲੋਂ ਕੋਈ ਗੱਲਬਾਤ ਨਾ ਕਰਨ ਤੋਂ ਸਾਬਤ ਹੁੰਦਾ ਹੈ ਮਾਨ ਸਰਕਾਰ ਦਿਵਿਆਂਗਜਨਾਂ ਨੂੰ ਰਾਹਤ ਦੇਣ ਤੋਂ ਕਿਨਾਰਾ ਕਰ ਰਹੀ ਹੈ। ਜਿਸ ਰੋਸ ਵਜੋਂ ਜਲਦ ਹੀ ਸਮੂਹ ਦਿਵਿਆਂਗ ਯੂਨੀਅਨਾਂ ਵਲੋਂ ਸੰਯੁਕਤ ਤੌਰ ਤੇ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

## ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਧਰਤੀ ਨੂੰ ਬਚਾਉਣ ਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਸ਼ਕਤੀਸ਼ਾਲੀ ਸੰਦੇਸ਼ ਦਿੱਤਾ

### ਬੱਚਿਆਂ ਨੂੰ ਇੱਕ ਜਿੰਮੇਦਾਰ ਨਾਗਰਿਕ ਬਣਾਉਣਾ ਸਮੇਂ ਦੀ ਮੁੱਖ ਲੋੜ : ਡਾਕਟਰ ਕਿਸ਼ਨਪੁਰੀ







ਜੰਡਿਆਲਾ ਗੁਰੂ, 27 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ) ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਵਿਦਿਆਰਥੀਆਂ ਵੱਲੋਂ ਧਰਤੀ ਦਿਵਸ ਮਨਾਇਆ ਗਿਆ ਜਿਸ ਵਿੱਚ ਸਕੂਲ ਦੇ ਵਿਦਿਆਰਥੀ ਧਰਤੀ ਦੀ ਸੁੰਦਰਤਾ ਦਾ ਜਸ਼ਨ ਮਨਾਉਣ ਅਤੇ ਇਸ ਦੀ ਦੇਖਭਾਲ ਕਰਨ ਦੀ ਮਹੱਤਤਾ ਸਿੱਖਣ ਲਈ ਇਕੱਠੇ ਹੋਏ। ਵਿਦਿਆਰਥੀਆਂ ਨੇ ਰੁੱਖ ਲਗਾਉਣ ਰੀਸਾਈਕਲ ਕੀਤੀ ਕਲਾ ਬਣਾਉਣ ਤੋਂ ਲੈ ਕੇ ਵਾਤਾਵਰਨ ਦੀ ਸੰਭਾਲ ਪ੍ਰਤੀ ਜਾਗਰੂਕਤਾ ਦੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹੋਏ। ਸਕੂਲ ਦੇ ਕਿੰਡਰਗਾਰਟਨ ਸੈਕਸ਼ਨ ਦੇ ਪਲੇ ਪੈਨ ਅਤੇ ਐਲਕੇਜੀ ਦੇ ਛੋਟੇ ਛੋਟੇ ਬੱਚਿਆਂ ਨੇ ਹਰੇ ਰੰਗ ਦੇ ਕੱਪੜੇ ਪਾ ਕੇ ਮੁਸਕੁਰਾਹਟ ਫੈਲਾਉਂਦੇ ਹੋਏ ਗਰੀਨ ਡੇ ਮਨਾਇਆ। ਇਸੇ ਤਰ੍ਹਾਂ ਯੂਕੇਜੀ ਕਲਾਸ ਦੇ ਬੱਚਿਆਂ ਨੇ ਸੁੰਦਰ ਧਰਤੀ ਥੀਮ ਵਾਲੀਆਂ ਗੇਂਦਾਂ ਪੇਂਟ ਕੀਤੀਆਂ । ਬੱਚਿਆਂ ਨੇ ਧਰਤੀ ਨੂੰ ਬਚਾਉਣ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਸ਼ਕਤੀਸ਼ਾਲੀ ਸੰਦੇਸ਼ਾਂ ਨਾਲ ਭਰਪੂਰ ਮਾਰਚ ਕੀਤਾ। ਸਕੂਲ ਦੇ ਫਸਟ ਅਤੇ ਸੈਕੰਡ ਕਲਾਸ ਦੇ ਬੱਚਿਆਂ ਨੇ ਕਵਿਤਾਵਾਂ ਅਤੇ ਆਪਣੇ ਭਾਸ਼ਣਾ ਰਾਹੀਂ ਸਾਨੂੰ ਸਾਰਿਆਂ ਨੂੰ ਧਰਤੀ ਦੀ ਕਦਰ ਕਰਨ ਅਤੇ ਰੱਖਿਆ ਕਰਨ ਦੀ ਯਾਦ ਦਿਵਾਈ। ਤੀਜੀ ਅਤੇ ਚੌਥੀ ਕਲਾਸ ਦੇ ਵਿਦਿਆਰਥੀਆਂ ਨੇ ਕਲਾ ਰਚਨਾਵਾਂ ਰਾਹੀਂ ਕੁਦਰਤ ਪ੍ਰਤੀ ਆਪਣਾ ਪਿਆਰ ਪ੍ਰਗਟਾਇਆ। ਜਦੋਂ ਕਿ ਪੰਜਵੀਂ ਅਤੇ ਛੇਵੀਂ ਕਲਾਸ ਦੇ ਵਿਦਿਆਰਥੀਆਂ ਨੇ ਵਾਤਾਵਰਨ ਸੰਭਾਲ ਤੇ ਸ਼ਕਤੀਸ਼ਾਲੀ ਭਾਸ਼ਣ ਦਿੱਤੇ। ਛੇਵੀਂ ਅਤੇ ਸੱਤਵੀਂ ਕਲਾਸ ਦੇ ਵਿਦਿਆਰਥੀਆਂ ਨੇ ਕੋਲਾਜ ਰਾਹੀਂ ਆਪਣਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅਤੇ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਨੇ ਪੰਛੀਆਂ ਦੇ ਫੀਡਰ ਬਣਾਏ ਅਤੇ ਵਾਤਾਵਰਨ ਸੰਭਾਲ ਵਿੱਚ ਆਪਣਾ ਅਹਿਮ ਹਿੱਸਾ ਪਾਇਆ ।ਨੌਵੀਂ ਸਕੂਲ ਦੇ ਵਿਦਿਆਰਥੀਆਂ ਨੇ ਇੱਕ ਜਾਗਰੂਕਤਾ ਰੈਲੀ ਕੱਢੀ। ਉਪਰੰਤ 11ਵੀਂ ਅਤੇ 12ਵੀਂ ਕਲਾਸ ਦੇ ਵਿਦਿਆਰਥੀਆਂ ਨੇ ਵਾਤਾਵਰਨ ਸਬੰਧੀ ਮੁੱਦਿਆਂ ਨੂੰ ਡੂੰਘਾਈ ਨਾਲ ਖੋਜ ਕਰ ਕੇ ਸਭ ਨੂੰ ਪ੍ਰਭਾਵਤ ਕੀਤਾ। ਇਸ ਮੌਕੇ ਤੇ ਸਕੂਲ ਦੇ ਮੈਨੇਜਰ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਜੀ ਨੇ ਕਿਹਾ ਕਿ ਸਾਡੇ ਵਿਦਿਆਰਥੀ ਇਥੇ ਹਰੇ ਭਰੇ ਇੱਕ ਸਾਫ ਗ੍ਰਹਿ ਵੱਲ ਅਗਵਾਈ ਕਰਨ ਲਈ ਤਿਆਰ ਹਨ। ਉਹਨਾਂ ਕਿਹਾ ਕਿ ਸਾਨੂੰ ਬੱਚਿਆਂ ਨੂੰ ਇੱਕ ਜਿੰਮੇਦਾਰ ਨਾਗਰਿਕ ਬਣਾਉਣਾ ਬਹੁਤ ਜਰੂਰੀ ਹੈ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਮਰਪ੍ਰੀਤ ਕੌਰ ਜੀ ਨੇ ਇਸ ਦਿਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਮਰਪਿਤ ਸਟਾਫ ਅਤੇ ਵਿਦਿਆਰਥੀਆਂ ਦੀ ਖੂਬ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਸਾਨੂੰ ਅਗਲੀ ਪੀੜੀ ਨੂੰ ਆਪਣੀ ਧਰਤੀ ਦੀ ਰੱਖਿਆ ਅਤੇ ਸੰਭਾਲ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

# ਤਨਖਾਹੀਆ ਕਰਾਰ ਦਿੱਤੇ ਹਰਵਿੰਦਰ ਸਰਨਾ ਨੂੰ ਸਟੇਜ ਦੇਣ 'ਤੇ ਗੁਰਦੁਆਰਾ ਰਕਾਬਗੰਜ ਸਾਹਿਬ ਦਾ ਹੈਡ ਗ੍ਰੰਥੀ ਮੁਅੱਤਲ

**ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 2 ਦਸੰਬਰ ਨੂੰ ਤਨਖਾਹੀਆ ਦਿੱਤੇ ਗਏ ਸੀ ਕਰਾਰ**



ਨਵੀਂ ਦਿੱਲੀ, 27 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹੀਆ ਕਰਾਰ ਦਿੱਤੇ ਅਕਾਲੀ ਦਲ ਬਾਦਲ ਦੇ ਆਗੂ ਹਰਵਿੰਦਰ ਸਿੰਘ ਸਰਨਾ ਨੂੰ ਸਟੇਜ ਦੇਣ 'ਤੇ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦੇ ਹੈਡ ਗ੍ਰੰਥੀ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਖਿਲਾਫ ਬੋਲਣ ਵਾਲੇ ਹਰਵਿੰਦਰ ਸਿੰਘ ਸਰਨਾ ਨੂੰ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਤਨਖਾਹੀਆ ਕਰਾਰ ਦਿੱਤਾ ਸੀ ਤੇ ਸਮੁੱਚੀ ਸਿੱਖ ਕੌਮ ਨੂੰ ਹਦਾਇਤ ਕੀਤੀ ਹੈ ਕਿ ਉਸ ਨਾਲ ਕਿਸੇ ਵੀ ਤਰੀਕੇ ਦੀ ਸਮਾਜਿਕ ਤੇ ਧਾਰਮਿਕ ਸਾਂਝ ਨਾ ਰੱਖੀ ਜਾਵੇ। ਉਹਨਾਂ ਦੱਸਿਆ ਕਿ ਅੱਜ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿਚ ਇਕ ਸਮਾਜਿਕ ਸਮਾਗਮ ਸੀ ਜਿਸ ਵਿਚ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਦਿਲਬਾਗ ਸਿੰਘ ਨੇ ਤਨਖਾਹੀਆ ਕਰਾਰ ਦਿੱਤੇ ਸਰਨਾ ਨੂੰ ਸਟੇਜ ਦੇ ਦਿੱਤੀ ਅਤੇ ਉਸਨੇ ਸੰਗਤ ਨੂੰ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਇਹ ਕਾਰਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਸਪਸ਼ਟ ਤੌਰ 'ਤੇ ਉਲੰਘਣਾ ਹੈ। ਉਹਨਾਂ ਕਿਹਾ ਕਿ ਇਸ ਉਲੰਘਣਾ ਤੇ ਹੋਈ ਬਜ਼ਰ ਗਲਤੀ ਦਾ ਕਮੇਟੀ ਨੇ ਸਖ਼ਤ ਨੋਟਿਸ ਲੈਂਦਿਆਂ ਗਿਆਨੀ ਦਿਲਬਾਗ ਸਿੰਘ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਹੈ ਤੇ ਉਹਨਾਂ ਖਿਲਾਫ ਅਗਲੇਰੀ ਕਾਰਵਾਈ ਵੀ ਅਮਲ ਵਿਚ ਲਿਆਂਦੀ ਜਾਵੇਗੀ। ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਮੁੜ ਦੁਹਰਾਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਵਾਸਤੇ ਸਰਵਉੱਚ ਹੈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਾਂ ਦੀ ਪਾਲਣਾ ਕਰਨਾ ਹਰ ਸਿੱਖ ਦਾ ਮੁੱਢਲਾ ਫਰਜ਼ ਹੈ। ਉਹਨਾਂ ਕਿਹਾ ਕਿ ਇਸ ਫਰਜ਼ ਵਿਚ ਕੁਤਾਹੀ ਕਿਸੇ ਵੀ ਤਰੀਕੇ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਹਨਾਂ ਨੇ ਕਮੇਟੀ ਦੇ ਸਮੁੱਚੇ ਸਟਾਫ ਨੂੰ ਵੀ ਆਖਿਆ ਕਿ ਉਹ ਇਹ ਹਮੇਸ਼ਾ ਚੇਤੇ ਰੱਖਣ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਡੇ ਲਈ ਸਰਵਉੱਚ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਕੈਬਨਿਟ ਮੰਤਰੀ ਈ ਟੀ ਓ ਵੱਲੋਂ ਹਲਕੇ ਦੇ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਬਾਰੇ ਕੀਤੀ ਸਮੀਖਿਆ ਮੀਟਿੰਗ

# ਸੀਵਰੇਜ ਟਰੀਟਮੈਂਟ ਪਲਾਂਟ ਦੀ ਪ੍ਰਗਤੀ ਦਾ ਲਿਆ ਜਾਇਜ਼ਾ



ਜੰਡਿਆਲਾ ਗੁਰੂ, 27 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ) ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈ ਟੀ ਓ ਨੇ ਜੰਡਿਆਲਾ ਗੁਰੂ ਵਿਖੇ 25 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਪ੍ਰਗਤੀ ਦਾ ਜਾਇਜ਼ਾ ਲੈਂਦੇ ਹੋਏ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਪ੍ਰੋਜੈਕਟ ਨੂੰ ਮਿੱਥੇ ਗਏ ਸਮੇਂ 18 ਮਹੀਨੇ ਵਿਚ ਮੁਕੰਮਲ ਕੀਤਾ ਜਾਵੇ ।ਇਸ ਮੌਕੇ ਉਨਾਂ ਕਿਹਾ ਕਿ ਇਹ ਪਲਾਂਟ ਚਾਲੂ ਹੋਣ ਨਾਲ ਜੰਡਿਆਲਾ ਗੁਰੂ ਵਿੱਚੋਂ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਦਾ ਪੱਕਾ ਹੱਲ ਕੀਤਾ ਜਾਣਾ ਹੈ ਇਸ ਲਈ ਇਸ ਦੀ ਕੁਆਲਿਟੀ ਦਾ ਵੀ ਖਾਸ ਖਿਆਲ ਰੱਖਿਆ ਜਾਵੇ। ਉਹਨਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਜੰਡਿਆਲਾ ਨਗਰ ਕੌਂਸਲ ਨੇ ਦੋ ਏਕੜ ਜਮੀਨ ਖਰੀਦ ਕੇ ਆਪਣਾ ਪ੍ਰੋਜੈਕਟ ਸ਼ੁਰੂ ਕੀਤਾ ਹੈ ਅਤੇ ਲੋਕਾਂ ਨੂੰ ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਜੰਡਿਆਲਾ ਵਿੱਚੋਂ ਸਫਾਈ ਦੀਆਂ ਵੱਡੀਆਂ ਉਮੀਦਾਂ ਹਨ, ਜਿਨਾਂ ਉੱਤੇ ਖਰਾ ਉਤਰਨਾ ਜਰੂਰੀ ਹੈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਹਦਾਇਤ ਕੀਤੀ ਕਿ ਸਮੂਹ ਸਰਕਾਰੀ ਕਾਰਜਕਾਰੀ ਏਜੰਸੀਆਂ ਅਤੇ ਵਿਭਾਗੀ ਮੁਖੀ, ਵਿਕਾਸ ਕੰਮਾਂ ਨੂੰ ਨਿਰਧਾਰਿਤ ਸਮਾਂ ਸੀਮਾ ਅੰਦਰ ਮੁਕੰਮਲ ਕਰਨ ਲਈ ਪਾਬੰਦ ਰਹਿਣ ਅਤੇ ਬਿਨਾਂ ਵਜ੍ਹਾ ਕਿਸੇ ਵੀ ਕਾਰਜ ਵਿੱਚ ਦੇਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਕੈਬਨਿਟ ਮੰਤਰੀ ਨੇ ਪੀ.ਐਸ.ਪੀ.ਸੀ.ਐਲ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਸੀਵਰੇਜ ਬੋਰਡ, ਨਹਿਰੀ ਵਿਭਾਗ ਆਦਿ ਨਾਲ ਸਬੰਧਤ ਕਾਰਜਾਂ ਦੀ ਸਥਿਤੀ ਬਾਰੇ ਮੁਖੀਆਂ ਤੋਂ ਜਾਣਕਾਰੀ ਹਾਸਲ ਕਰਦਿਆਂ ਹਦਾਇਤ ਕੀਤੀ ਕਿ ਹਲਕਾ ਜੰਡਿਆਲਾ ਨੂੰ ਸੁਵਿਧਾਵਾਂ ਪੱਖੋਂ ਮੋਹਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਨੇ ਵੱਖ-ਵੱਖ ਖੇਡ ਸਟੇਡੀਅਮਾਂ, ਸੁੱਕਾ ਤੇ ਗਿੱਲਾ ਕੂੜਾ ਇਕੱਤਰ ਕਰਨ ਲਈ ਚੱਲ ਰਹੇ ਕਾਰਜਾਂ, ਹਾਈ ਲੈਵਲ ਪੁਲਾਂ ਦੇ ਨਿਰਮਾਣ, ਪਾਰਕਾਂ, ਸੜਕਾਂ ਦੇ ਨਿਰਮਾਣ, ਪੇਂਡੂ ਲਾਇਬ੍ਰੇਰੀਆਂ, ਛੱਪੜਾਂ ਦੀ ਨਵੀਨੀਕਰਨ ਪ੍ਰਕਿਰਿਆ ਸਮੇਤ ਵੱਡੀ ਗਿਣਤੀ ਕਾਰਜਾਂ ਬਾਰੇ ਜਾਇਜ਼ਾ ਲਿਆ। ਸ ਹਰਭਜਨ ਸਿੰਘ ਨੇ ਕਿਹਾ ਕਿ ਮੇਰਾ ਹਲਕਾ ਮੇਰਾ ਪਰਿਵਾਰ ਹੈ ਅਤੇ ਇਹਨਾਂ ਦੀਆਂ ਲੋੜਾਂ ਦਾ ਧਿਆਨ ਰੱਖਣਾ ਮੇਰਾ ਫਰਜ਼ ਹੈ, ਜਿਸ ਵਿੱਚ ਮੈਂ ਰਤੀ ਭਰ ਵੀ ਕੁਤਾਈ ਨਹੀਂ ਬਰਦਾਸਤ ਨਹੀਂ ਕਰਾਂਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁ. ਨਾਗੀਆਨਾ ਸਾਹਿਬ ਉਦੋਕੇ ਵਿਖੇ ਈ ਐਮ ਸੀ ਹਸਪਤਾਲ ਵੱਲੋਂ ਮੁਫ਼ਤ ਚੈਕਅੱਪ ਕੈਂਪ ਲਗਾਇਆ











ਚੌਕ ਮਹਿਤਾ, 27 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)- ਗੁਰਦੁਆਰਾ ਨਾਗੀਆਣਾ ਸਾਹਿਬ ਉਦੋਕੇ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਕਵਲਜੀਤ ਸਿੰਘ ਦੀ ਅਗਵਾਈ ਹੇਠ ਈ ਐਮ ਸੀ ਗਰੁੱਪ ਹਸਪਤਾਲ ਅੰਮ੍ਰਿਤਸਰ ਵੱਲੋਂ ਮੁਫ਼ਤ ਚੈਕਪਿਕ ਕੈਂਪ ਲਗਾਇਆ ਗਿਆ ਜਿਸ ਵਿੱਚ ਈ ਸੀ ਜੀ ਸ਼ੂਗਰ ਬੀਪੀ ਦੇ ਫ੍ਰੀ ਟੈਸਟ ਕੀਤੇ ਗਏ ਤੇ ਫਰੀ ਦਵਾਈ ਦਿੱਤੀ ਗਈ ਨਾਲ ਦੀ ਨਾਲ ਖੂਨਦਾਨ ਕੈਂਪ ਵੀ ਲਗਾਇਆ ਗਿਆ ਜਿਸ ਵਿੱਚ ਡੋਨਰ ਨੇ ਵੱਧ ਤੋਂ ਵੱਧ ਹਿੱਸਾ ਲਿਆ ਇਹ ਸਾਰਾ ਪ੍ਰਬੰਧ ਚੇਅਰਮੈਨ ਈ ਐਮ ਸੀ ਗਰੁੱਪ ਪਵਨ ਅਰੋੜਾ ਡਾਕਟਰ ਰਿਸ਼ਬ ਅਰੋੜਾ ਔਰ ਸੀ ਓ ਓ ਡਾਕਟਰ ਕਾਜੀ ਡਾਕਟਰ ,ਅਮਿਤ ਮਲਹੋਤਰਾ, ਡਾਕਟਰ ਅਨੁਰਾਗ ਸ਼ਰਮਾ ,ਉਹਨਾਂ ਦੀ ਅਗਵਾਈ ਹੇਠ ਕੈਂਪ ਲਗਾਇਆ ਗਿਆ ਔਰ ਇਹ ਸਾਰੇ ਕੈਂਪ ਦਾ ਅਰੇਜਮੈਂਟ ਕੈਂਪ ਇਨਚਾਰਜ ਲਖਵਿੰਦਰ ਸਿੰਘ ਅਰਸ਼ੀ ਨੇ ਕੀਤਾ । ਇਸ ਮੌਕੇ ਤੇ ਸਟਾਫ ਨਰਸ ਕੁਲਵਿੰਦਰ ਕੌਰ,, ਕਮਲਪ੍ਰੀਤ ਕੌਰ, ਜਸਵੀਰ ਕੌਰ ਫਾਰਮੇਸੀ, ਸਟਾਫ ਸੁਖਵਿੰਦਰ ਕੌਰ, ਗਗਨਦੀਪ ਸਿੰਘ, ਲੈਬ ਸਟਾਫ, ਬਲੱਡ ਬੈਕ ਸਟਾਫ ਬਿੰਦੂ ਬਲੱਡ ਟੈਕਨੀਸੀਅਨ ਪਿੰਕ, ਪ੍ਰੀਆ ਸਿੰਘ, ਪ੍ਰਿਅੰਕਾ ,ਸਹਿਜਵੀਰ ਸਿੰਘ ਬਾਬਾ ਜੀ ਦਾ ਸਪੁੱਤਰ, ਅਤੇ ਸੰਤ ਬਾਬਾ ਕਵਲਜੀਤ ਸਿੰਘ ਨੇ ਸਾਰੇ ਡਾਕਟਰਾਂ ਅਤੇ ਸਟਾਫ ਨੂੰ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਇੱਕ ਨਜ਼ਰ...



### ਸੇਵਾ ਮੁਕਤ ਅਧਿਆਪਕਾਂ ਤੇ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਿਰੋਜ਼ਪੁਰ ਦੀ ਸਰਕਾਰੀ ਪ੍ਰਾਇਮਰੀ ਸਕੂਲ ਚੂੰਗੀ ਖਾਨਾ ਰੋਡ ਵਿਖੇ ਹੋਈ ਮੀਟਿੰਗ

ਫ਼ਿਰੋਜ਼ਪੁਰ, 27 ਅਪ੍ਰੈਲ (ਮਨੋਹਰ ਲਾਲ) : ਸੇਵਾ ਮੁਕਤ ਅਧਿਆਪਕਾਂ ਅਤੇ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਿਰੋਜ਼ਪੁਰ ਦੀ ਮਹੀਨਾਵਰ ਮੀਟਿੰਗ ਸਰਕਾਰੀ ਪ੍ਰਾਇਮਰੀ ਸਕੂਲ ਚੂੰਗੀ ਖਾਨਾ ਰੋਡ ਵਿਖੇ ਹੋਈ, ਜਿਸ ਵਿਚ ਸ੍ਰੀ ਕ੍ਰਿਸ਼ਨ ਕੁਮਾਰ, ਨਛੱਤਰ ਸਿੰਘ, ਰਮੇਸ਼ ਕੁਮਾਰ ਜਨਰਲ ਸਕੱਤਰ, ਜੱਗਾ ਸਿੰਘ ਕੈਸ਼ੀਅਰ, ਦੀਵਾਨ ਚੰਦ ਸੁਖੀਜਾ ਜੁਆਇੰਟ ਸਕੱਤਰ, ਬਲਵਿੰਦਰ ਸ਼ਰਮਾ ਪ੍ਰਬੰਧਕ ਸਕੱਤਰ, ਰਾਜਪਾਲ ਸਿੰਘ, ਸ੍ਰੀਮਤੀ ਸਵਦੇਸ਼ ਕੁਮਾਰੀ, ਨਰਿੰਦਰ ਕੁਮਾਰ ਮੌਂਗਾ ਰਿਟਾ. ਪ੍ਰਿੰਸੀਪਲ ਅਤੇ ਤਾਰਾ ਸਿੰਘ, ਬਨਾਰਸੀ ਦਾਸ, ਰਾਜਿੰਦਰ ਕੁਮਾਰ, ਰਮੇਸ਼ ਕੁਮਾਰ ਗਰੋਵਰ ਜਨਰਲ ਸਕੱਤਰ ਹਾਜ਼ਰ ਹੋਏ। ਇਸ ਮੌਕੇ ਬੋਲਦਿਆਂ ਪੈਨਸ਼ਨਰਜ਼ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 1.1.16 ਤੋਂ 30.6.21 ਤੱਕ ਦਾ ਬਕਾਇਆ ਕਿਸ਼ਤਾਂ ਵਿਚ ਨਹੀਂ ਸਗੋਂ ਯਕਮੁਸ਼ਤ ਦਿੱਤਾ ਜਾਵੇ, ਰਹਿੰਦਾ 13 ਫੀਸਦੀ ਡੀ.ਏ ਜਾਰੀ ਕੀਤਾ ਜਾਵੇ, ਕੈਸ਼ਲੈਸ ਇਲਾਜ ਸੋਧ ਕਰਕੇ ਕੀਤਾ ਜਾਵੇ ਅਤੇ ਸਾਰੇ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਦਿੱਤੀ ਜਾਵੇ। ਗੱਲਬਾਤ ਕਰਦਿਆਂ ਪੈਨਸ਼ਨਰਜ਼ ਨੇ ਕਿਹਾ ਕਿ 17.07.2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਦੇ ਗਰੇਡ ਦਿੱਤੇ ਜਾਣ। ਇਸ ਮੌਕੇ ਰਿਟਾਇਰਡ ਪ੍ਰਿੰਸੀਪਲ ਨਰਿੰਦਰ ਮੌਂਗਾ ਵੱਲੋਂ ਆਪਣੀ ਪਤਨੀ ਅਤੇ ਬੇਟੇ ਦੀ ਯਾਦ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਚੂੰਗੀ ਖਾਨਾ ਰੋਡ ਦੇ ਬੱਚਿਆਂ ਨੂੰ ਕਾਪੀਆਂ, ਰਜਿਸਟਰ ਵੰਡੇ ਗਏ, ਜਦੋਂ ਕਿ ਧਵਨ ਬੁੱਕ ਡਿਪੂ ਫ਼ਿਰੋਜ਼ਪੁਰ ਵੱਲੋਂ ਬੱਚਿਆਂ ਨੂੰ ਪੈਨ ਅਤੇ ਪੈਨਸਲਾਂ ਦਿੱਤੀਆਂ ਗਈਆਂ।

### ਸੰਤ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਲਾਇਆ ਮਲੇਰੀਆ ਜਾਗਰੂਕ ਕੈਂਪ



ਫ਼ਿਰੋਜ਼ਪੁਰ, 27 ਅਪ੍ਰੈਲ (ਮਨੋਹਰ ਲਾਲ) : ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਮਲੇਰੀਆ ਜਾਗਰੂਕ ਕੈਂਪ ਲਾਇਆ ਗਿਆ। ਸਕੂਲ ਕੈਂਪਸ ਵਿਚ ਅਧਿਆਪਕ ਅਤੇ ਵਿਦਿਆਰਥੀਆਂ ਦੀ ਯੋਗ ਅਗਵਾਈ ਹੇਠ ਲਾਏ ਗਏ ਇਸ ਕੈਂਪ ਵਿੱਚ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਮਲੇਰੀਏ ਤੇ ਲੱਛਣ ਅਤੇ ਇਲਾਜ ਬਾਰੇ ਜਾਣੂ ਕਰਵਾਉਣ ਦੇ ਨਾਲ—ਨਾਲ ਇਸ ਤੋਂ ਬਚਾਓ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਦੱਸਿਆ ਕਿ ਘਰਾਂ ਦੇ ਆਲੇ—ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ਅਤੇ ਖਾਸਕਰ ਬਾਰਿਸ਼ਾਂ ਦੇ ਦਿਨਾਂ 'ਚ ਘਰਾਂ ਦੀਆਂ ਛੱਤਾਂ 'ਤੇ ਪਏ ਕਬਾੜ, ਗਮਲਿਆਂ, ਟੁੱਟੇ ਬਰਤਨਾਂ ਆਦਿ ਦੀ ਹਰ ਹਫ਼ਤੇ ਸਫ਼ਾਈ ਕੀਤੀ ਜਾਵੇ। ਇਸ ਮੌਕੇ ਕਰਵਾਈ ਸਵਾਲ ਜਵਾਬ ਪ੍ਰਤੀਯੋਗਤਾ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਹੋਏ।

### ਪਹਿਲਗਾਮ ਹਮਲੇ ਨੂੰ ਸਰਕਾਰ ਨੇ ਰੋਕਣ ਦੇ ਯਤਨ ਕਿਉਂ ਨਾ ਕੀਤੇ : ਭਾਈ ਗੁਰਪ੍ਰੀਤ ਸਿੰਘ ਦਮਦਮੀ ਟਕਸਾਲ

ਅੰਮ੍ਰਿਤਸਰ, 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ): ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਭਾਈ ਗੁਰਪ੍ਰੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਕਸ਼ਮੀਰ ਦੇ ਪਹਿਲਗਾਮ ਵਿੱਚ 26 ਬੇਗੁਨਾਹਾਂ ਦੇ ਕਤਲਾਂ



ਨੂੰ ਹਰ ਇਨਸਾਨੀਅਤ-ਪਸੰਦ ਵਿਅਕਤੀ ਨਿੰਦ ਰਿਹਾ ਹੈ, ਕਿਉਂਕਿ ਬੇਦੋਸ਼ਿਆਂ ਦੇ ਕਤਲ ਨੂੰ ਕਦੇ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ, ਇੱਥੋਂ ਤਕ ਕਿ ਕਸ਼ਮੀਰੀ ਲੋਕਾਂ ਵੱਲੋਂ ਵੀ ਇਸ ਹਮਲੇ ਦਾ ਭਾਰੀ ਵਿਰੋਧ ਕੀਤਾ ਜਾ ਰਿਹਾ ਹੈ। ਪਰ ਦੂਜੇ ਪਾਸੇ ਭਾਰਤੀ ਸਰਕਾਰ ਅਤੇ ਭਾਰਤੀ ਮੀਡੀਆ ਨਫ਼ਰਤ ਫੈਲਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਇਹ ਸਵਾਲ ਬੇਹੱਦ ਚਰਚਾ 'ਚ ਹੈ ਕਿ ਕਸ਼ਮੀਰ ਦੇ ਚੱਪੇ-ਚੱਪੇ 'ਤੇ ਭਾਰਤੀ ਫ਼ੌਜ ਤਾਇਨਾਤ ਹੈ, ਫਿਰ ਐਨੀ ਫ਼ੌਜ ਹੋਣ ਦੇ ਬਾਵਜੂਦ ਓਥੇ ਹਮਲਾ ਕਿਵੇਂ ਹੋ ਗਿਆ ? ਇਹ ਹਮਲਾ ਕਰਵਾਇਆ ਗਿਆ ਜਾਂ ਹੋਣ ਦਿੱਤਾ ਗਿਆ ? ਇਸ ਨੂੰ ਰੋਕਣ ਦੇ ਯਤਨ ਕਿਉਂ ਨਾ ਹੋਏ ? ਕਿੱਥੇ ਗਿਆ ਖ਼ੁਫ਼ੀਆ ਤੰਤਰ ? ਐਨੀਆਂ ਏਜੰਸੀਆਂ ਕੀ ਸੁੱਤੀਆਂ ਪਈਆਂ ਸਨ ? ਓਥੇ ਐਨੀ ਫ਼ੌਜ ਹੋਣ ਦੇ ਬਾਵਜੂਦ ਹਮਲੇ ਵਾਲੀ ਜਗ੍ਹਾ ਕੋਲ ਕੋਈ ਸੁਰੱਖਿਆ ਪ੍ਰਬੰਧ ਕਿਉਂ ਨਹੀਂ ਸਨ ? ਹਮਲੇ ਵਿੱਚ ਮਾਰੇ ਗਏ ਯਾਤਰੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਮਾਰਿਆ ਗਿਆ ਕਸ਼ਮੀਰੀ ਮੁਸਲਮਾਨ ਬਾਰੇ ਰਾਸ਼ਟਰੀ ਮੀਡੀਆ ਕਿਉਂ ਨਹੀਂ ਦੱਸ ਰਿਹਾ ? 22 ਅਪ੍ਰੈਲ 2024 ਨੂੰ ਪਹਿਲਗਾਮ ਹਮਲੇ ਵਿੱਚ ਦਹਿਸ਼ਤਗਰਦਾਂ ਦੇ ਹੱਥੋਂ ਮਾਰੇ ਗਏ ਹਿੰਦੂ ਬਿਲਕੁਲ ਬੇਦੋਸ਼ੇ ਹਨ, ਪਰ 20 ਮਾਰਚ 2000 ਨੂੰ ਚਿੱਠੀ ਸਿੰਘਪੁਰਾ ਵਿੱਚ ਮਾਰੇ ਗਏ ਸਿੱਖ ਕਿਹੜਾ ਖ਼ੂਨੀ ਦਰਿੰਦੇ ਸਨ ? ਜਿਹੜੇ ਲੋਕ ਪਹਿਲਗਾਮ ਹਮਲੇ ਤੋਂ ਬਾਅਦ ਵਿਰਲਾਪ ਕਰ ਰਹੇ ਨੇ, ਇਹ ਚਿੱਠੀ ਸਿੰਘਪੁਰਾ ਕਤਲੇਆਮ ਮੌਕੇ ਖਾਮੋਸ਼ ਰਹੇ ਤੇ ਹੁਣ ਤਕ ਕਦੇ ਨਹੀਂ ਕਿਹਾ ਕਿ ਦੋਸ਼ੀਆਂ ਨੂੰ ਦਿੱਲੀ ਦੇ ਇੰਡੀਆ ਗੇਟ ਕੋਲ਼ ਸ਼ਰੇਆਮ ਫਾਹੇ ਟੰਗਿਆ ਜਾਵੇ। ਕੀ ਚਿੱਠੀ ਸਿੰਘਪੁਰਾ ਵਿੱਚ ਮਰਨ ਵਾਲਿਆਂ ਦੀ ਜਾਨ ਪਹਿਲਗਾਮ ਵਿੱਚ ਮਰਨ ਵਾਲ਼ਿਆਂ ਨਾਲੋਂ ਘੱਟ ਕੀਮਤੀ ਸੀ ? ਪਹਿਲਗਾਮ ਕਤਲੇਆਮ ਵੀ ਓਹੋ ਜਿਹੇ ਮਹੌਲ ਵਿੱਚ ਹੋਇਆ ਜਿਹੋ-ਜਿਹੇ ਮਹੌਲ ਵਿੱਚ ਚਿੱਠੀ ਸਿੰਘਪੁਰਾ ਕਤਲੇਆਮ ਹੋਇਆ ਸੀ। ਓਦੋਂ ਵੀ ਅਮਰੀਕਾ ਦੇ ਰਾਸ਼ਟਰਪਤੀ ਬਿੱਲ ਕਲਿੰਟਨ ਆਏ ਸਨ ਤੇ ਹੁਣ ਵੀ ਅਮਰੀਕਾ ਤੇ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਆਏ ਹੋਏ ਹਨ। ਓਦੋਂ ਵੀ ਭਾਰਤ ਨੇ ਅਮਰੀਕਾ ਨੂੰ ਵਿਖਾਇਆ ਕਿ ਅਸੀਂ ਅੱਤਵਾਦ ਤੋਂ ਪੀੜਤ ਹਾਂ, ਹੁਣ ਵੀ ਇਹੀ ਹਾਲ ਹੈ। ਉਸ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਵੱਲੋਂ ਖ਼ੁਲਾਸਾ ਹੋਇਆ ਸੀ ਕਿ "ਜੇ ਮੈਂ ਭਾਰਤ ਨਾ ਜਾਂਦਾ ਤਾਂ ਸ਼ਾਇਦ ਉਹ 36 ਸਿੱਖ ਨਾ ਮਰਦੇ ਜਿਹੜੇ ਚਿੱਠੀ ਸਿੰਘਪੁਰਾ ਵਿੱਚ ਮਾਰੇ ਗਏ।" ਹੋ ਸਕਦਾ ਭਵਿੱਖ ਵਿੱਚ ਹੁਣ ਵਾਲੇ ਅਮਰੀਕਾ ਦੇ ਉਪ-ਰਾਸ਼ਟਰਪਤੀ ਵੀ ਅਜਿਹਾ ਕੁਝ ਕਹਿਣ! ਪਰ ਨਾ ਉਹ ਕਦੇ ਵਾਪਸ ਮੁੜੇ ਨੇ ਜਿਹੜੇ ਚਿੱਠੀ ਸਿੰਘਪੁਰਾ ਮਾਰੇ ਗਏ ਤੇ ਨਾ ਹੁਣ ਪਹਿਲਗਾਮ ਵਿੱਚ ਮਾਰੇ ਗਏ ਮੁੜਨੇ ਨੇ।

## ਹਲਕਾ ਜੰਡਿਆਲਾ 'ਚ ਭਾਜਪਾ ਵੱਲੋਂ 4 ਸਰਕਲ ਪ੍ਰਧਾਨਾਂ ਦੀ ਸਰਬ ਸੰਮਤੀ ਨਾਲ ਚੋਣ, ਮਨਜੀਤ ਸਿੰਘ ਮੰਨਾ ਤੇ ਹਰਦੀਪ ਸਿੰਘ ਗਿੱਲ ਨੇ ਕੀਤਾ ਐਲਾਨ



ਜੰਡਿਆਲਾ ਗੁਰੂ 27 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ) ਭਾਰਤੀ ਜਨਤਾ ਪਾਰਟੀ ਦੀਆਂ ਜਥੇਬੰਦਕ ਚੋਣਾਂ ਦੌਰਾਨ ਵਿਧਾਨ ਸਭਾ ਹਲਕਾ ਜੰਡਿਆਲਾ ਦੇ ਚਾਰ ਸਰਕਲ ਪ੍ਰਧਾਨਾਂ ਦੀ ਸਰਬ ਸੰਮਤੀ ਨਾਲ ਚੋਣ ਕੀਤੀ ਗਈ। ਇਸ ਦੌਰਾਨ ਸਾਬਕਾ ਵਿਧਾਇਕ ਤੇ ਭਾਜਪਾ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਮਨਜੀਤ ਸਿੰਘ ਮੰਨਾ ਮੀਆਂਵਿੰਡ ਅਤੇ ਸਹਿ ਜਿਲਾ ਚੋਣ ਅਧਿਕਾਰੀ ਹਰਦੀਪ ਸਿੰਘ ਗਿੱਲ ਇੰਚਾਰਜ ਭਾਜਪਾ ਹਲਕਾ ਜੰਡਿਆਲਾ ਨੇ ਰਸਮੀ ਤੌਰ 'ਤੇ ਚੁਣੇ ਸਰਕਲ ਪ੍ਰਧਾਨਾਂ ਦਾ ਐਲਾਨ ਕੀਤਾ। ਪਿੰਡ ਮੁੱਛਲ ਵਿਖੇ ਮੀਟਿੰਗ ਦੌਰਾਨ ਤਰਸਿੱਕਾ ਸਰਕਲ ਤੋਂ ਮਨਜੀਤ ਸਿੰਘ ਸੰਧੂ, ਜੰਡਿਆਲਾ ਗੁਰੂ ਦਿਹਾਤੀ ਤੋਂ ਸਾਬਕਾ ਸਰਪੰਚ ਸੁਖਵਿੰਦਰ ਕੌਰ, ਮੁੱਛਲ ਸਰਕਲ ਤੋਂ ਨਰਿੰਦਰ ਸਿੰਘ ਅਤੇ ਮਹਿਤਾ ਸਰਕਲ ਤੋਂ ਕੇਵਲ ਸਿੰਘ ਖੱਬੇ ਰਾਜਪੂਤਾਂ ਨੂੰ ਸਰਕਲ ਪ੍ਰਧਾਨ ਬਣਾਉਣ ਦਾ ਐਲਾਨ ਕੀਤਾ ਗਿਆ। ਇਸ ਮੌਕੇ 'ਤੇ ਬੋਲਦੇ ਹੋਏ ਮਨਜੀਤ ਸਿੰਘ ਮੰਨਾ ਨੇ ਕਿਹਾ ਕਿ ਪਾਰਟੀ ਵੱਲੋਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਤੇ ਪਾਰਟੀ ਦੀ ਪੰਜਾਬ ਲੀਡਰਸ਼ਿਪ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਇਹ ਨਿਯੁਕਤੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਨਵੇਂ ਚੁਣੇ ਸਰਕਲ ਪ੍ਰਧਾਨਾਂ ਨੂੰ ਵਧਾਈ ਦਿੰਦਿਆਂ ਭਾਜਪਾ ਦੀ ਮਜਬੂਤੀ ਲਈ ਦਿਨ ਰਾਤ ਇੱਕ ਕਰਨ ਦਾ ਪਾਰਟੀ ਦਾ ਸੁਨੇਹਾ ਵੀ ਦਿੱਤਾ। ਉਨ੍ਹਾਂ ਆਖਿਆ ਕਿ ਪੰਜਾਬ ਦੇ ਲੋਕ ਭਾਜਪਾ ਨੂੰ ਸੱਤਾ ਵਿੱਚ ਲਿਆਉਣ ਦਾ ਮਨ ਬਣਾ ਚੁੱਕੇ ਹਨ ਕਿਉਂਕਿ ਜਿਸ ਤਰ੍ਹਾਂ ਪੰਜਾਬ ਦੇ ਹਾਲਾਤ ਦਿਨ ਬ ਦਿਨ ਬੱਦਤਰ ਹੋ ਰਹੇ ਹਨ, ਹਰ ਪਾਸੇ ਹਾਹਾਕਾਰ ਮੱਚੀ ਹੋਈ ਹੈ, ਗਰੀਬ ਵਰਗ ਤਰਾਹ- ਤਰਾਹ ਕਰ ਰਿਹਾ ਹੈ ਫਿਰੌਤੀਆਂ ਤੇ ਗੁੰਡਾਗਰਦੀ ਦਾ ਬੋਲ ਬਾਲਾ ਹੈ। ਹਰ ਵਰਗ ਮਹਿੰਗਾਈ ਦੀ ਚੱਕੀ ਵਿੱਚ ਪਿੱਸ ਰਿਹਾ ਹੈ। ਉਸ ਤੋਂ ਤੰਗ ਆਏ ਲੋਕ ਪੰਜਾਬ ਵਿੱਚ ਇੱਕ ਮਜਬੂਤ ਸਰਕਾਰ ਬਣਾਉਣਾ ਚਾਹੁੰਦੇ ਹਨ ਜੋ ਸੂਬੇ ਵਿੱਚ ਅਮਨ ਸ਼ਾਂਤੀ ਦੇ ਨਾਲ ਨਾਲ ਲੋਕਾਂ ਦੀਆਂ ਤਕਲੀਫਾਂ ਦਾ ਹੱਲ ਵੀ ਕੱਢੇ। ਮੰਨਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਹਰ ਵਰਗ ਦੁਖੀ ਹੈ ਸੂਬੇ ਵਿੱਚ ਹਰ ਰੋਜ਼ ਧਰਨੇ ਪ੍ਰਦਰਸ਼ਨ ਹੋ ਰਹੇ ਹਨ ਪਰ ਸਰਕਾਰ ਆਪਣੇ ਦਿੱਲੀ ਹਾਕਮਾਂ ਨੂੰ ਖੁਸ਼ ਕਰਨ 'ਤੇ ਲੱਗੀ ਹੋਈ ਹੈ। ਹਰਦੀਪ ਸਿੰਘ ਗਿੱਲ ਨੇ ਇਸ ਮੌਕੇ 'ਤੇ ਬੋਲਦੇ ਹੋਏ ਕਿਹਾ ਕਿ ਬੂਥ ਕਮੇਟੀਆਂ ਦੇ ਗਠਨ ਤੋਂ ਬਾਅਦ ਸਰਕਲ ਪ੍ਰਧਾਨਾਂ ਦੀ ਚੋਣ ਦੀ ਪ੍ਰਕਿਰਿਆ ਚੱਲ ਰਹੀ ਹੈ। ਹਰ ਮਿਹਨਤੀ ਤੇ ਯੋਗ ਵਰਕਰ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਜਿਵੇਂ ਗਰੀਬ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਉਸ ਦਾ ਪ੍ਰਚਾਰ ਤੇ ਪ੍ਰਸਾਰ ਭਾਜਪਾ ਦੇ ਵਰਕਰ ਪਿੰਡਾਂ ਵਿੱਚ ਕਰਨ। ਹਰਦੀਪ ਗਿੱਲ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਵੱਲੋਂ ਪ੍ਰਾਪਤ ਗਰਾਂਟਾਂ ਦੇ ਸਹਾਰੇ ਚੱਲ ਰਹੀ ਹੈ। ਸੂਬਾ ਆਰਥਿਕ ਪੱਖੋਂ ਕਾਫੀ ਪਛੜ ਗਿਆ ਹੈ ਭਾਜਪਾ ਹੀ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ 'ਤੇ ਲਿਆ ਸਕਦੀ ਹੈ। ਉਨ੍ਹਾਂ ਨਵੇਂ ਸਰਕਲ ਪ੍ਰਧਾਨਾਂ ਨੂੰ ਮੁਬਾਰਕਬਾਦ ਦਿੰਦਿਆਂ ਮਿਲੀ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਲਈ ਆਖਿਆ। ਨਵੇਂ ਸਰਕਲ ਪ੍ਰਧਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਨਿਰਵੈਲ ਸਿੰਘ ਵਡਾਲੀ ਜਗਰੂਪ ਸਿੰਘ ਵਡਾਲੀ, ਬਲਜਿੰਦਰ ਸਿੰਘ ਭੰਗਵਾਂ, ਸੁਰਜੀਤ ਸਿੰਘ ਰਾਇਪੁਰ, ਗੁਰਦਿਆਲ ਸਿੰਘ ਨੰਬਰਦਾਰ, ਬਲਦੇਵ ਸਿੰਘ ਮੇਹਰਬਾਨਪੁਰਾ, ਬਿੱਟੂ ਮੇਹਰਬਾਨਪੁਰਾ, ਰਮਨ ਕੁਮਾਰ, ਗੁਰਪਿੰਦਰ ਸਿੰਘ ਗੋਪੀ, ਕਰਨ ਛਾਪਾ, ਬਲਕਾਰ ਸਿੰਘ ਬੱਬੂ ਨਵਾਂ ਪਿੰਡ, ਹਰਜੋਤ ਸਿੰਘ ਮਹਿਤਾ, ਸਤਨਾਮ ਸਿੰਘ ਤਰਸਿੱਕਾ, ਪ੍ਰਗਟ ਸਿੰਘ ਤਰਸਿੱਕਾ, ਬਲਜਿੰਦਰ ਸਿੰਘ ਅਮਰਕੋਟ, ਗੁਰਪਾਲ ਸਿੰਘ ਬੇਰੀ ਆਣਾ, ਨਿਰਮਲ ਸਿੰਘ, ਜਗਤਾਰ ਸਿੰਘ ਖੇਲਾ, ਬਲਜਿੰਦਰ ਸਿੰਘ ਭੰਗਵਾਂ, ਮੇਜਰ ਸਿੰਘ ਮੁੱਛਲ, ਜੋਗਿੰਦਰ ਸਿੰਘ ਫੌਜੀ ਤੋਂ ਹੀ ਇਲਾਵਾ ਹੋਰ ਵੀ ਪ੍ਰਮੁੱਖ ਅਹੁਦੇਦਾਰ ਹਾਜਰ ਸਨ।

### ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤ੍ਰਵੈਣੀ ਚੌਂਕ ਫ਼ਿਰੋਜ਼ਪੁਰ ਛਾਉਣੀ ਵਿਖੇ

## ਮਹਾਨ ਕੀਰਤਨੀਏ ਗੁਰਮਤਿ ਸੰਗੀਤ ਦੇ ਧਨੀ ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਦਾ ਪਹਿਲਾ ਮਹਾਨ ਕੀਰਤਨ ਦਰਬਾਰ ਵਿਚ ਸਿੱਖ ਪੰਥ ਦੇ ਮਹਾਨ ਜਥਿਆਂ ਨੇ ਭਰੀ ਹਾਜ਼ਰੀ

**ਇਸ ਮੌਕੇ ਤੇ ਭਾਰੀ ਗਿਣਤੀ ਵਿਚ ਸੰਤ ਮਹਾਂਪੁਰਸ਼ਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤਾਂ ਪਹੁੰਚ ਕੇ ਆਏ ਹੋਏ ਮਹਾਂਪੁਰਸ਼ਾਂ ਦੇ ਵਿਚਾਰ ਸੁਣੇ। ਇਸ ਮੌਕੇ ਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤ੍ਰਵੈਣੀ ਚੌਂਕ....**









ਫ਼ਿਰੋਜ਼ਪੁਰ, 27 ਅਪ੍ਰੈਲ (ਮਨੋਹਰ ਲਾਲ): ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤ੍ਰਵੈਣੀ ਚੌਂਕ ਫ਼ਿਰੋਜ਼ਪੁਰ ਛਾਉਣੀ ਵਿਖੇ ਪੰਥ ਦੇ ਮਹਾਨ ਕੀਰਤਨੀਏ ਗੁਰਮਤਿ ਸੰਗੀਤ ਦੇ ਧਨੀ ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਜੀ ਦਾ ਪਹਿਲਾ ਮਹਾਨ ਕੀਰਤਨ ਦਰਬਾਰ ਸਜਾਇਆ ਗਿਆ। ਇਸ ਮੌਕੇ ਤੇ ਸਿੱਖ ਪੰਥ ਦੇ ਮਹਾਨ ਰਾਗੀ, ਢਾਡੀ, ਕਥਾਵਾਚਕ ਜਥਿਆਂ ਜਿਨ੍ਹਾਂ ਵਿਚ ਸੰਤ ਬਾਬਾ ਅਵਤਾਰ ਸਿੰਘ ਜੀ ਸਾਧਾਂ ਵਾਲੇ, ਭਾਈ ਸਰੂਪ ਸਿੰਘ ਹਜ਼ੂਰੀ ਰਾਗੀ ਸਚਖੰਡ ਸ੍ਰੀ ਦਰਬਾਰ ਸਾਹਿਬ, ਭਾਈ ਨਰਿੰਦਰ ਸਿੰਘ ਸ੍ਰੀ ਫਤਿਹਗੜ੍ਹ ਸਾਹਿਬ, ਭਾਈ ਇੰਦਰਜੀਤ ਸਿੰਘ ਸਾਜਨ ਫ਼ਿਰੋਜ਼ਪੁਰ ਵਾਲੇ, ਭਾਈ ਸੁਖਵਿੰਦਰ ਸਿੰਘ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ, ਭਾਈ ਸੰਦੀਪ ਸਿੰਘ, ਭਾਈ ਕੰਵਲਜੀਤ ਸਿੰਘ ਜਥਿਆਂ ਨੇ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਭਾਰੀ ਗਿਣਤੀ ਵਿਚ ਸੰਤ ਮਹਾਂਪੁਰਸ਼ਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤਾਂ ਪਹੁੰਚ ਕੇ ਆਏ ਹੋਏ ਮਹਾਂਪੁਰਸ਼ਾਂ ਦੇ ਵਿਚਾਰ ਸੁਣੇ। ਇਸ ਮੌਕੇ ਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤ੍ਰਵੈਣੀ ਚੌਂਕ ਫ਼ਿਰੋਜ਼ਪੁਰ ਛਾਉਣੀ ਦੇ ਪ੍ਰਧਾਨ ਸ: ਜ਼ੋਰਾ ਸਿੰਘ ਸੰਧੂ ਨੇ ਆਏ ਹੋਏ ਸੰਤ ਮਹਾਂਪੁਰਖ ਰਾਗੀ, ਢਾਡੀ, ਕਥਾਵਾਚਕ ਜਥਿਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਆਏ ਹੋਏ ਸੰਤਾਂ ਮਹਾਂਪੁਰਖਾਂ ਅਤੇ ਰਾਗੀ, ਢਾਡੀ, ਕਥਾਵਾਚਕ ਜਥਿਆਂ ਨੂੰ ਸਨਮਾਨਿਤ ਕੀਤਾ, ਉਪਰੰਤ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਆਈ ਸੰਗਤ ਦੀ ਹੱਥੀਂ ਸੇਵਾ ਕੀਤੀ। ਇਸ ਮੌਕੇ ਤੇ ਸਟੇਜ਼ ਦੀ ਸੇਵਾ ਸ: ਸਵਰਨਜੀਤ ਸਿੰਘ ਸੁਹਾਣਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਲਾ ਗਿਆ। ਇਸ ਮੌਕੇ ਸ: ਜ਼ੋਰਾ ਸਿੰਘ ਸੰਧੂ ਪ੍ਰਧਾਨ, ਮਨਜੀਤ ਸਿੰਘ ਉਰਫ ਕਾਲਾ, ਗਗਨਦੀਪ ਸਿੰਘ, ਮਨਕਰਨ ਸਿੰਘ ਬਿੰਦਰਾ, ਅਮਰੀਕ ਸਿੰਘ ਗੋਰਾ ਗੁਰਦੁਆਰਾ ਸਾਹਿਬ ਆਦਿ ਹਾਜ਼ਰ ਸਨ।

## ਇੱਕ ਨਜ਼ਰ...



# ਸਿੱਖ ਕੌਮ ਦੇ ਮਹਾਨ ਯੋਧੇ ਜਰਨੈਲ ਤੇ ਭਾਰਤੀ ਸੈਨਾ ਦੇ ਜਨਰਲ ਹਰਬਖਸ਼ ਸਿੰਘ ਜੀ ਦੀ ਯਾਦ ਵਿੱਚ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਤੇ ਵਾਤਾਵਰਨ ਦਿਵਸ ਮਨਾਇਆ ਗਿਆ

## ਜੇ ਸ੍ਰ ਹਰਬਖਸ਼ ਸਿੰਘ ਨਾ ਹੁੰਦੇ ਤਾਂ ਅੰਮ੍ਰਿਤਸਰ ਸਾਹਿਬ ਆਉਣਾ ਪੈਣਾ ਸੀ ਵੀਜ਼ਾ ਲੈ ਕਿ ਸਰਬਜੀਤ ਸਿੰਘ ਸੋਨੂੰ

ਜੰਡਿਆਲਾ ਗੁਰੂ 27 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ) ਜੇ ਜਨਰਲ ਸ੍ਰ ਹਰਬਖਸ਼ ਸਿੰਘ ਨਾ ਹੁੰਦੇ ਤੇ ਅੰਮ੍ਰਿਤਸਰ ਆਉਣਾ ਪੈਣਾ ਸੀ ਵੀਜ਼ਾ ਲੈ ਕੇ 1965 ਦੀ ਜੰਗ ਦੇ ਹੀਰੋ ਤੇ ਸਿੱਖ ਕੌਮ ਦੇ ਮਹਾਨ ਯੋਧੇ ਜਰਨੈਲ ਤੇ ਭਾਰਤੀ ਸੈਨਾ ਦੇ ਜਨਰਲ ਸਰਦਾਰ ਹਰਬਖਸ਼ ਸਿੰਘ ਜੀ ਦੀ ਯਾਦ ਵਿੱਚ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਤੇ ਵਾਤਾਵਰਨ ਦਿਵਸ ਅੱਜ 27 ਅਪ੍ਰੈਲ ਨੂੰ ਅੰਮ੍ਰਿਤਸਰ ਦੇ ਰੋਜ਼ ਗਾਰਡਨ ਵਿੱਚ ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਵੱਲੋਂ ਜਨਰਲ ਹਰਬਖਸ਼ ਸਿੰਘ ਜੀ ਦੀ ਯਾਦ ਵਿੱਚ ਵਾਤਾਵਰਨ ਦਿਵਸ ਮਨਾਇਆ ਗਿਆ ਜਿਸ ਵਿੱਚ ਆਰਮੀ ਦੇ ਸਾਬਕਾ ਫੌਜੀਆਂ ਨੇ ਵੀ ਉਹਨਾਂ ਦਾ ਵੱਧ ਚੜ੍ ਕੇ ਸਾਥ ਦਿੱਤਾ ਤੇ ਵੱਖ-ਵੱਖ ਵਿਭਾਗਾਂ ਵੱਲੋਂ ਪਲੂਸ਼ਨ ਬੋਰਡ ਵੱਲੋਂ ਜੰਗਲਾਤ ਵਿਭਾਗ ਵੱਲੋਂ ਖੇਤੀਬਾੜੀ ਵਿਭਾਗ ਵੱਲੋਂ ਤੇ ਨਹਿਰੀ ਵਿਭਾਗ ਵੱਲੋਂ ਸਵੱਛ ਅਭਿਆਨ ਵੱਲੋਂ ਬੇਟੀ ਬਚਾਓ ਬੇਟੀ ਪੜਾਓ ਤੇ ਧੀਆਂ ਬਚਾਓ ਰੁੱਖ ਲਗਾਓ ਭਰੂਣ ਹੱਤਿਆ ਤੇ ਜਾਗਰੂਕ ਕੈਂਪ ਕੈਂਪ ਜਿਵੇਂ ਕਿ ਖੂਨ ਦਾਨ ਦਾ ਕੈਂਪ ਫਰੀ ਟੈਸਟਾਂ ਦਾ ਕੈਂਪ ਮੈਡੀਸਨ ਦਾ ਕੈਂਪ ਚੈੱਕ ਅਪ ਦਾ ਕੈਂਪ ਹੋਮੋਪੈਥਿਕ ਦਾ ਕੈਂਪ ਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਫਰੀ ਕਿਤਾਬਾਂ ਵੰਡੀਆਂ ਗਈਆਂ ਦਸਤਾਰ ਬੰਦੀ ਮੁਕਾਬਲੇ ਤੇ ਗਤਕੇ ਦੇ ਜੌਹਰ ਵਿਖਾਏ ਗਏ ਤੇ ਜਨਰਲ ਸਾਹਿਬ ਦੀ ਯਾਦ ਵਿੱਚ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਦੇ ਲਈ ਵੱਖ-ਵੱਖ ਸ਼ਖਸ਼ੀਅਤ ਅਤੇ ਆਗੂਆਂ ਨੇ ਉਨਾਂ ਦੇ ਨਾਮ ਦੇ ਰੁੱਖ ਲਗਾਏ ਤੇ ਯਾਦ ਕੀਤਾ ਇਸ ਪ੍ਰੋਗਰਾਮ ਨੂੰ ਕਰਾਉਣ ਵਾਲੇ ਸਿੱਖ ਆਗੂ ਤੇ ਸਮਾਜ ਸੇਵੀ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਦੇ ਨਾਲ ਜਦੋਂ ਮੀਡੀਆ ਨੇ ਗੱਲਬਾਤ ਕੀਤੀ ਤੇ ਉਹਨਾਂ ਨੇ ਦੱਸਿਆ ਕਿ 1965 ਦੀ ਜੰਗ ਦੇ ਹੀਰੋ ਤੇ ਮਹਾਨਾਇਕ ਸਿੱਖ ਕੌਮ ਦੇ ਮਹਾਨ ਯੋਧੇ ਜਰਨੈਲ ਤੇ ਭਾਰਤੀ ਸੈਨਾ ਦੇ ਜਨਰਲ ਹਰਬਖਸ਼ ਸਿੰਘ ਜੇਕਰ ਉਸ ਵੇਲੇ ਨਾ ਹੁੰਦੇ ਤੇ ਅੱਜ ਮਾਝੇ ਦੀ ਧਰਤੀ ਤੇ ਸਾਨੂੰ ਵੀਜ਼ਾ ਲੈ ਕੇ ਆਉਣਾ ਪੈਣਾ ਸੀ ਉਹਨਾਂ ਕਿਹਾ ਕਿ ਐਸੀਆਂ ਸ਼ਖਸ਼ੀਅਤਾਂ ਨੂੰ ਹਮੇਸ਼ਾ ਸਾਨੂੰ ਯਾਦ ਰੱਖਣਾ ਚਾਹੀਦਾ ਜਿਨਾਂ ਨੇ ਬਹਾਦਰੀ ਨਾਲ ਜੰਗਾਂ ਲੜ ਕੇ ਆਪਣੇ ਦੇਸ਼ ਦੀ ਰੱਖਿਆ ਕੀਤੀ ਹੋਵੇ ਤੇ ਆਪਣੇ ਲੋਕਾਂ ਦੀ ਹਿਫਾਜ਼ਤ ਕੀਤੀ ਹੋਵੇ ਗੱਲਬਾਤ ਕਰਦੇ ਹੋਏ ਇਸ ਸੋਨੂ ਜੰਡਿਆਲਾ ਨੇ ਵਿਸ਼ੇਸ਼ ਤੌਰ ਤੇ ਆਰਮੀ ਦੇ ਸਾਬਕਾ ਫੌਜੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਪ੍ਰੋਗਰਾਮ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਤੇ ਉਹਨਾਂ ਸਾਰੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਜਿਨਾਂ ਨੇ ਇਸ ਪ੍ਰੋਗਰਾਮ ਵਿੱਚ ਪਹੁੰਚ ਕੇ ਜਨਰਲ ਹਰਬਖਸ਼ ਸਿੰਘ ਜੀ ਦੀ ਯਾਦ ਨੂੰ ਤਾਜ਼ਾ ਕੀਤਾ ਤੇ ਇਸ ਮੌਕੇ ਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਨਾਨਕੇ ਪਿੰਡ ਤੇ ਜਨਰਲ ਹਰਬਖਸ਼ ਸਿੰਘ ਜੀ ਦੇ ਜੱਦੀ ਪਿੰਡ ਬਡਰੁੱਖਾਂ ਜ਼ਿਲ੍ਹਾ ਸੰਗਰੂਰ ਤੋਂ ਸਮੂਹ ਪਿੰਡ ਦੀ ਨਗਰ ਪੰਚਾਇਤ ਨਗਰ ਨਿਵਾਸੀ ਤੇ ਜ਼ਿਲ੍ਹਾ ਨਿਵਾਸੀ ਤੇ ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਵਿਸ਼ੇਸ਼ ਤੌਰ ਤੇ ਪਹੁੰਚੇ ਤੇ ਕਮਾਂਡਰ ਜਸਕਰਨ ਸਿੰਘ ਤੇ ਪਰਮਜੀਤ ਸਿੰਘ ਅਕਾਲੀ ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਸਾਬਕਾ ਭਾਰਤੀ ਸੈਨਿਕ ਵੈਲਫੇਅਰ ਦੇ ਪ੍ਰਧਾਨ ਦਿਲਬਾਗ ਸਿੰਘ ਨੇ ਦੱਸਿਆ ਕਿ ਅਸੀਂ ਸਮਾਜ ਦੇ ਹਰ ਚੰਗੇ ਕੰਮ ਵਿੱਚ ਆਪਣਾ ਵੱਧ ਚੜ ਕੇ ਯੋਗਦਾਨ ਪਾਵਾਂਗੇ ਤੇ ਇਸ ਤਰ੍ਹਾਂ ਦੇ ਨਾਲ ਹੀ ਸੂਰਬੀਰ ਯੋਧਿਆਂ ਦੀਆਂ ਯਾਦ ਵਿੱਚ ਦਿਨ ਮਨਾਉਂਦੇ ਰਵਾਂਗੇ ਇਸ ਮੌਕੇ ਤੇ ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਨੇ ਕਿਹਾ ਕਿ ਸਟੇਟ ਪੱਧਰੀ ਸਮਾਗਮ ਜਨਰਲ ਹਰਬਖਸ਼ ਸਿੰਘ ਜੀ ਦੀ ਯਾਦ ਵਿੱਚ ਜ਼ਿਲ੍ਹਾ ਸੰਗਰੂਰ ਵਿੱਚ ਮਨਾਇਆ ਜਾਵੇਗਾ ਤੇ ਆਪ ਜੀ ਸਾਰੇ ਵੱਧ ਚੜ ਕੇ ਉਸ ਵਿੱਚ ਪਹੁੰਚੇ ਇਸ ਮੌਕੇ ਤੇ ਸੰਬੋਧਿਤ ਕਰਦੇ ਹੋਏ ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਨੇ ਵੱਡਾ ਐਲਾਨ ਕਰ ਦਿੱਤਾ ਕਿ ਮੈਂ ਉਦੋਂ ਤੱਕ ਸੁੱਖ ਦਾ ਸਾਹ ਨਹੀਂ ਲਵਾਂਗਾ ਜਦੋਂ ਤੱਕ ਇਸ ਜਰਨੈਲ ਦੀ ਸ਼ਹਿਰ ਵਿੱਚ ਕੋਈ ਯਾਦਗਾਰ ਬਣਾਉਣ ਵਿੱਚ ਕਾਮਯਾਬ ਨਹੀਂ ਹੋ ਜਾਂਦਾ ਤੇ ਵਿਧਾਨ ਸਭਾ ਪਾਰਲੀਮੈਂਟ ਵਿੱਚ ਇਸ ਗੱਲ ਨੂੰ ਨਹੀਂ ਲੈ ਜਾਂਦਾ ਉਹਨਾਂ ਕਿਹਾ ਕਿ ਅੰਮ੍ਰਿਤਸਰ ਜਿਸ ਦੀ ਦੇਣ ਹੈ ਅਸੀਂ ਉਹਨਾਂ ਯੋਧਿਆਂ ਨੂੰ ਹਮੇਸ਼ਾ ਯਾਦ ਕਰਦੇ ਰਵਾਂਗੇ ਤੇ ਆਉਣ ਵਾਲੀਆਂ ਪੀੜੀਆਂ ਤੇ ਆਪਣੇ ਬੱਚਿਆਂ ਨੂੰ ਵੀ ਉਹਨਾਂ ਦਾ ਇਤਿਹਾਸ ਦੱਸਾਂਗੇ ਤੇ ਇਹੋ ਜਿਹੇ ਯੋਧਿਆਂ ਦੇ ਨਾਂ ਤੇ ਸਰਕਾਰ ਨੂੰ ਕਾਲਜਾਂ ਯੂਨੀਵਰਸਿਟੀਆਂ ਤੇ ਹਸਪਤਾਲਾਂ ਦੇ ਨਾਮ ਰੱਖਣੇ ਚਾਹੀਦੇ ਨੇ ਜੋ ਕਿ ਸਾਨੂੰ ਆਪਣੇ ਇਤਿਹਾਸ ਦੇ ਨਾਲ ਜੋੜ ਸਕਣ ਇਸ ਮੌਕੇ ਤੇ ਜਨਰਲ ਹਰਬੰਸ ਸਿੰਘ ਜੀ ਦੇ ਨਾਮ ਤੇ ਰੁੱਖ ਲਗਾਏ ਵੀ ਗਏ ਤੇ ਵੰਡੇ ਵੀ ਗਏ ਤੇ ਵੱਖ-ਵੱਖ ਵਿਭਾਗਾਂ ਵੱਲੋਂ ਕੈਂਪ ਲਗਾਏ ਗਏ ਜਿਵੇਂ ਕਿ ਮੈਡੀਕਲ ਕੈਂਪ ਫਰੀ ਟੈਸਟਾਂ ਦਾ ਕੈਂਪ ਮੈਡੀਸਨ ਦਾ ਕੈਂਪ ਹੋਮੋਪੈਥਿਕ ਦਾ ਕੈਂਪ ਖੂਨਦਾਨ ਕੈਂਪ ਭਰੂਣ ਹੱਤਿਆ ਤੋਂ ਜਾਗਰੂਕ ਕੈਂਪ ਬੇਟੀ ਬਚਾਓ ਬੇਟੀ ਪੜਾਓ ਕੈਂਪ ਪੋਲਿਊਸ਼ਨ ਬੋਰਡ ਵੱਲੋਂ ਜਾਗਰੂਕ ਕੈਂਪ ਨਹਿਰੀ ਵਿਭਾਗ ਵੱਲੋਂ ਪਾਣੀ ਬਚਾਊ ਕੈਂਪ ਜੰਗਲਾਦ ਵਿਭਾਗ ਵੱਲੋਂ ਰੁੱਖਾਂ ਦੀ ਕਿਵੇਂ ਸਾਂਭ ਸੰਭਾਲ ਕਰਨੀ ਹੈ ਤੇ ਕਦੋਂ ਰੁੱਖਾਂ ਨੂੰ ਲਾਉਣਾ ਹੈ ਕੈਂਪ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਤੇ ਖੇਤੀਬਾੜੀ ਵਿਭਾਗ ਵੱਲੋਂ ਕੈਂਪ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਪਰਾਲੀ ਨੂੰ ਅੱਗ ਨਾ ਲਾਈ ਜਾਵੇ ਤੇ ਵਾਤਾਵਰਨ ਨੂੰ ਕਿਵੇਂ ਬਚਾਇਆ ਜਾਵੇ ਇਹ ਸਾਰੀਆਂ ਵਿਚਾਰ ਚਰਚਾ ਵੱਖ ਵੱਖ ਆਗੂਆਂ ਵੱਲੋਂ ਤੇ ਕੈਂਪ ਦੌਰਾਨ ਕੀਤੀਆਂ ਗਈਆਂ ਇਸ ਮੌਕੇ ਤੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਵਿੱਚ ਸ਼ਹੀਦ ਹੋਏ ਲੋਕਾਂ ਨੂੰ ਮੋਨ ਰਾਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਗਈ ਕਿ ਪਰਮਾਤਮਾ ਉਹਨਾਂ ਸਭ ਲੋਕਾਂ ਨੂੰ ਆਪਣੇ ਚਰਨਾਂ ਵਿੱਚ ਸਥਾਨ ਬਖਸ਼ੀਏ ਜੋ ਆਪਣੇ ਸਰੀਰਿਕ ਯਾਤਰਾ ਭੋਗ ਕੇ ਗੁਰੂ ਦੇ ਚਰਨਾਂ ਵਿੱਚ ਜਾਵਰਾਜੇ ਤੇ ਪਹੁੰਚੀਆਂ ਹੋਈਆਂ ਸ਼ਖਸ਼ੀਅਤਾਂ ਦਾਸ ਸਮਾਜ ਸੇਵੀ ਤੇ ਸਿੱਖ ਆਗੂ ਸੋਨੂ ਜੰਡਿਆਲਾ ਨੇ ਧੰਨਵਾਦ ਕੀਤਾ ਤੇ ਸਨਮਾਨ ਕੀਤਾ ਕਿਸਾਨ ਆਗੂ ਬੱਬੂ ਵਿਰਕ ਕੈਪਟਨ ਨਨਜੀਤ ਸਿੰਘ ਜਸਵੰਤ ਸਿੰਘ ਨਿਰਮਲ ਸਿੰਘ ਅਵਤਾਰ ਸਿੰਘ ਪੰਜਾਬ ਸਿੰਘ ਸਕੱਤਰ ਸਿੰਘ ਬਾਜ ਸਿੰਘ ਅੰਮ੍ਰਿਤ ਪਾਲ ਸਿੰਘ ਹੀਰਾ ਸਿੰਘ ਰਾਹੁਲ ਕੁਮਾਰ ਹਰਮਨ ਸੰਧੂ ਅਰਪਨ ਔਜਲਾ ਜੋਗਾ ਸਿੰਘ ਜੋਬਨਜੀਤ ਸਿੰਘ ਰਣਜੀਤ ਸਿੰਘ ਹਰਜੀਤ ਸਿੰਘ ਗੁਰਜੀਤ ਸਿੰਘ ਹਰਪ੍ਰੀਤ ਸਿੰਘ ਸੁਖਵਿੰਦਰ ਸਿੰਘ ਆਦੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਪਿੰਡ ਨਥੇਹਾ ਵਿੱਚ ਪਰਾਲੀ ਦੀਆਂ ਗੱਠਾਂ ਨੂੰ ਲੱਗੀ ਅੱਗ ਨਾਲ ਪਿੰਡ ਵਾਸੀਆਂ ਨੂੰ ਸਾਹ ਲੈਣਾ ਹੋਇਆ ਦੁੱਭਰ

# 8 ਏਕੜ ਵਿੱਚ ਪਈਆਂ ਪਰਾਲੀ ਦੀਆਂ ਗੱਠਾਂ ਹੋਈਆਂ ਸੜ ਕੇ ਸਵਾਹ, ਅੱਗ ਅੱਜ ਵੀ ਲੱਗੀ ਰਹੀ, ਸਾਰੀ ਰਾਤ ਨਥੇਹਾ ਤੇ ਆਸ ਪਾਸ ਦੇ ਲੋਕ ਹੁੰਦੇ ਰਹੇ ਪ੍ਰੇਸ਼ਾਨ








ਤਲਵੰਡੀ ਸਾਬੋ, 27 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਮੰਡਲ ਤਲਵੰਡੀ ਸਾਬੋ ਦੇ ਪਿੰਡ ਨਥੇਹਾ ਵਿੱਚ ਪਰਾਲੀ ਦੀਆਂ ਗੱਠਾਂ ਨੂੰ ਅੱਗ ਲੱਗਣ ਨਾਲ ਭਾਵੇਂ ਪਰਾਲੀ ਦੀਆਂ ਅੱਠ ਏਕੜ ਵਿੱਚ ਪਈਆਂ ਗੱਠਾਂ ਸੜ ਕੇ ਸਵਾਹ ਹੋ ਗਈਆਂ ਜਿਸ ਨਾਲ ਪਿੰਡ ਨਥੇਹਾ ਤੇ ਆਸ ਪਾਸ ਦੇ ਪਿੰਡਾਂ ਵਿੱਚ ਬਹੁਤ ਜਿਆਦਾ ਪ੍ਰਦੂਸ਼ਣ ਅਟੈਂਡ ਕਰੀ ਸੀ ਪਹਿਲਾਂ ਹੋਇਆ ਤੇ ਲੋਕਾਂ ਨੂੰ ਸਾਹ ਲੈਣਾ ਦੁੱਬਰ ਹੋਇਆ ਤੇ ਅੱਜ ਵੀ ਪਰਾਲੀ ਦੀਆਂ ਗੱਠਾਂ ਨੂੰ ਲੱਗੀ ਰਹੀ ਭਾਵੇਂ ਕਿ ਇਸ ਅੱਗ ਤੇ ਕਾਬੂ ਪਾਉਣ ਲਈ ਬਠਿੰਡਾ ਜ਼ਿਲ੍ਹੇ ਤੇ ਆਸ ਪਾਸ ਦੇ ਫਾਇਰ ਬ੍ਰਗੇਡ ਦੀਆਂ ਗੱਡੀਆਂ ਨਾਲ ਅੱਗ ਬੁਝਾਊ ਅਮਲਾ ਸਾਰੀ ਰਾਤ ਅੱਗ ਬਝਾਉਂਦਾ ਰਿਹਾ ਤੇ ਪਿੰਡ ਦੇ ਲੋਕ ਇਸ ਦਾ ਸਹਿਯੋਗ ਕਰਦੇ ਰਹੇ ਕਿਉਂਕਿ ਅੱਗ ਲੱਗਣ ਵਾਲੇ ਥਾਂ ਤੋਂ ਗਰੀਬ ਲੋਕਾਂ ਦੇ ਘਰ ਥੋੜੇ ਹੀ ਦੂਰ ਸੀ ਡਰ ਸੀ ਕਿ ਕਿਤੇ ਗਰੀਬ ਲੋਕਾਂ ਦੇ ਘਰਾਂ ਵਿੱਚ ਅੱਗ ਨਾ ਲੱਗ ਜਾਵੇ ਜਿਸ ਕਰਕੇ ਪਿੰਡ ਵਾਸੀ ਆਪਣੇ ਟਰੈਕਟਰਾਂ ਨਾਲ ਸਾਰੀ ਰਾਤ ਅੱਗ ਬੁਝਾਉਂਦੇ ਦਿਖਾਈ ਦਿੱਤੇ।ਉਧਰ ਭਾਵੇਂ ਅੱਗ ਲੱਗਣ ਦਾ ਦਾ ਠੋਸ ਕਾਰਨ ਕਿਸੇ ਨੂੰ ਪਤਾ ਨਹੀਂ ਲੱਗ ਸਕਿਆ ਪਰ ਲੋਕ ਇਸ ਪਰਾਲੀ ਦੀਆਂ ਗੱਠਾਂ ਨੂੰ ਕਿਸੇ ਸ਼ਖਸ ਵੱਲੋਂ ਜਾਣ ਬੁਝ ਕੇ ਅੱਗ ਲਾਈ ਦੱਸੀ ਜਾ ਰਹੀ ਹੈ ਇਸ ਸਬੰਧੀ ਅੱਜ ਇਲਾਕੇ ਦਾ ਮੀਡੀਆ ਗੱਠਾਂ ਦੇ ਮਾਲਕਾਂ ਤੱਕ ਵੀ ਪਹੁੰਚ ਕਰਦਾ ਰਿਹਾ ਪਰ ਸਾਰਿਆਂ ਲਈ ਫੋਨ ਕਰੀਬ ਬੰਦ ਆ ਰਹੇ ਸਨ। ਇਸ ਬਾਰੇ ਭਾਵੇਂ ਕੈਮਰੇ ਸਾਹਮਣੇ ਕਿਸੇ ਨੇ ਵੀ ਗੱਲਬਾਤ ਨਹੀਂ ਕੀਤੀ ਪਰ ਪਿੰਡ ਦੇ ਲੋਕ ਅੱਗ ਲੱਗਣ ਦੇ ਕਾਰਨਾਂ ਨੂੰ ਜਨਤਕ ਕਰਨ ਦੀ ਮੰਗ ਪੁਰਜੋਰ ਉਠਾਉਂਦੇ ਰਹੇ। ਇਲਾਕੇ ਦੇ ਲੋਕਾਂ ਵੱਲੋਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਅੱਗ ਲੱਗਣ ਦੇ ਠੋਸ ਕਾਰਨ ਲੱਭੇ ਜਾਣ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਰਤ-ਪਾਕਿਸਤਾਨ ਵਿਚਕਾਰ ਜੰਗ ਲੱਗੀ ਤਾ ਪੰਜਾਬ ਦੀ ਧਰਤੀ ਨੂੰ ਜੰਗ ਤੋਂ ਸਭ ਤੋਂ ਵੱਧ ਖ਼ਤਰਾ- ਮਾਨ

ਅੰਮ੍ਰਿਤਸਰ, 27 ਅਪ੍ਰੈਲ (ਆਵਾਜ਼ਿ ਕੌਮ ਬਿਊਰੋ): ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਸ. ਇਮਾਨ ਸਿੰਘ ਮਾਨ ਨੇ ਪਹਿਲਗਾਮ ਘਟਨਾ ’ਤੇ ਗਹਿਰੀ ਚਿੰਤਾ ਅਤੇ ਦੁੱਖ ਦਾ ਇਜ਼ਹਾਰ ਕੀਤਾ ਹੈ ਅਤੇ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਪਹਿਲਗਾਮ ਘਟਨਾ ਬਹੁਤ ਹੀ ਮੰਦਭਾਗੀ ਘਟਨਾ ਹੇ।ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਸਹਿਣਯੋਗ ਨਹੀਂ ਹਨ ਅਤੇ ਇਸਦੇ ਪਿਛੋਕੜ ਵਿੱਚ ਜੋ ਵੀ ਤੱਤ ਜ਼ਿੰਮੇਵਾਰ ਹਨ, ਉਨ੍ਹਾਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਸ. ਮਾਨ ਨੇ ਇਸ ਮੌਕੇ ’ਤੇ ਆਗਾਹ ਕੀਤਾ ਕਿ ਪਹਿਲਗਾਮ ਘਟਨਾ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦਾ ਮਾਹੌਲ ਬਣਦਾ ਨਜ਼ਰ ਆ ਰਿਹਾ ਹੈ, ਜੋ ਕਿਸੇ ਵੀ ਵਾਧੂ ਜੰਗੀ ਸਥਿਤੀ ਵਲ ਲਿਜਾ ਸਕਦਾ ਹੈ। ਉਨ੍ਹਾਂ ਕਿਹਾ, “ਮੈਂ ਸਾਫ਼ ਤੌਰ ’ਤੇ ਦੱਸਣਾ ਚਾਹੁੰਦਾ ਹਾਂ ਕਿ ਮੈਂ ਜੰਗ ਦਾ ਵਿਰੋਧੀ ਹਾਂ। ਜੰਗ ਕਦੇ ਵੀ ਸਮੱਸਿਆਵਾਂ ਦਾ ਹੱਲ ਨਹੀਂ ਹੁੰਦੀ।ਇਮਾਨ ਸਿੰਘ ਮਾਨ ਨੇ ਵਿਸ਼ੇਸ਼ ਤੌਰ ’ਤੇ ਪੰਜਾਬ ਅਤੇ ਖ਼ਾਸ ਕਰਕੇ ਅੰਮ੍ਰਿਤਸਰ ਜ਼ਿਲ੍ਹੇ ਲਈ ਚਿੰਤਾ ਜਤਾਈ। ਸ਼ਾਂਤੀ ਚਾਹੁੰਦੇ ਹਾਂ। ਕਿਸੇ ਵੀ ਤਰ੍ਹਾਂ ਦੀ ਜੰਗ ਸਿਰਫ਼ ਨਫ਼ਰਤ ਅਤੇ ਤਬਾਹੀ ਦਾ ਰਾਹ ਖੋਲਦੀ ਹੈ। ਉਹਨਾਂ ਨੇ ਕਿਹਾ ਕਿ ਜੇਕਰ ਨਿਊਕਲੀਅਰ ਜੰਗ ਲੱਗਦੀ ਤਾਂ 1984 ਤੋ ਕਿਤੇ ਵੱਡੇ ਪੱਧਰ ਤੇ ਸਿੱਖਾਂ ਦੀ ਨਸਲਕੁਸ਼ੀ ਅਤੇ ਨੁਕਸਾਨ ਹੋ ਸਕਦਾ ਹੈ ਸ. ਇਮਾਨ ਸਿੰਘ ਮਾਨ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਅਫ਼ਵਾਵਾਂ ਤੋਂ ਬਚਣ ਅਤੇ ਸ਼ਾਂਤੀ ਬਣਾਈ ਰੱਖਣ ਵਿੱਚ ਆਪਣਾ ਭਰਪੂਰ ਯੋਗਦਾਨ ਪਾਉਣ।ਉਨ੍ਹਾਂ ਕਿਹਾ ਕਿ ਵਪਾਰੀਆਂ ਕਿਸਾਨਾਂ ਮਜ਼ਦੂਰਾਂ ਅਤੇ ਸਾਬਕਾ ਸੈਨਿਕਾਂ ਨੂੰ ਅਮਨ ਸ਼ਾਂਤੀ ਦੀ ਅਪੀਲ ਕਰਨੀ ਚਾਹੀਦੀ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV




ਉਨ੍ਹਾਂ ਕਿਹਾ ਕਿ ਜੇਕਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਕੋਈ ਵੀ ਛੋਟੀ ਜਾਂ ਵੱਡੀ ਜੰਗ ਛਿੜੀ ਤਾਂ ਇਸਦਾ ਸਭ ਤੋਂ ਪਹਿਲਾਂ ਨੁਕਸਾਨ ਪੰਜਾਬ ਨੂੰ ਹੋਏਗਾ। “ਪੰਜਾਬ ਨੇ ਪਹਿਲਾਂ ਵੀ 1947, 1965 ਅਤੇ 1971 ਦੀਆਂ ਜੰਗਾਂ ਦੇ ਦੌਰਾਨ ਗੰਭੀਰ ਜਾਨੀ ਅਤੇ ਮਾਲੀ ਨੁਕਸਾਨ ਝੱਲਿਆ ਹੈ। ਅਸੀਂ ਹੋਰ ਨਵੀਆਂ ਪੀੜ੍ਹੀਆਂ ਨੂੰ ਇਨ੍ਹਾਂ ਦੁਖਾਂ ਦੇ ਹਵਾਲੇ ਨਹੀਂ ਕਰ ਸਕਦੇ, ਸ. ਮਾਨ ਨੇ ਕੇਂਦਰ ਸਰਕਾਰ ਨੂੰ ਸਲਾਹ ਦਿੱਤੀ ਕਿ ਤਣਾਅ ਨੂੰ ਵਧਾਉਣ ਦੀ ਥਾਂ ਸੰਯਮ ਅਤੇ ਵਿਆਪਕ ਗੱਲਬਾਤ ਦਾ ਰਾਹ ਅਪਣਾਇਆ ਜਾਵੇ।“ਅਸੀਂ ਅਮਨ ਅਤੇ

# ਸੜਕ ਹਾਦਸੇ ਵਿੱਚ ਮੋਟਰਸਾਈਕਲ ਸਵਾਰ ਦੀ ਮੌਤ, ਰਾਮਾਂ ਪੁਲਿਸ ਵੱਲੋਂ ਨਾਮਲੂਮ ਵਾਹਨ ਚਾਲਕ ਵਿਰੁੱਧ ਮਾਮਲਾ ਦਰਜ਼

ਤਲਵੰਡੀ ਸਾਬੋ, 27 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਅੱਜ ਸਵੇਰੇ 6 ਵਜੇ ਦੇ ਕਰੀਬ ਮਲਕਾਣਾ ਤਲਵੰਡੀ ਸਾਬੋ ਰੋਡ ’ਤੇ ਇਕ ਮੋਟਰਸਾਈਕਲ ਨੰਬਰ ਪੀ ਬੀ 03 ਏ ਐਨ-6887 ਤੇ ਸਵਾਰ ਚਾਲਕ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ।ਲਾਸ਼ ਸਬੰਧੀ ਸੂਚਨਾ ਮਿਲਣ ’ਤੇ ਹੈਲਪ ਲਾਇਨ ਵੈਲਫੇਅਰ ਰਾਮਾਂ ਦੇ ਵਲੰਟੀਅਰਜ ਕਾਲਾ ਬੰਗੀ, ਰਿੰਕਾ ਮਿਸਤਰੀ, ਮਨੀਸ਼ ਕੁਮਾਰ ਐਂਬੂਲੈਂਸ ਲੈਕੇ ਘਟਨਾਸਥਲ ਤੇ ਪਹੁੰਚੇ। ਰਾਮਾਂ ਪੁਲਿਸ ਵੱਲੋਂ ਮੌਕੇ ’ਤੇ ਪਹੁੰਚ ਕੇ ਲਾਸ਼ ਕਬਜ਼ੇ ਵਿਚ ਲੈ ਕੇ ਪੋਸਟ ਮਾਰਟਮ ਲਈ ਸੁਸਾਇਟੀ ਦੀ ਐਂਬੂਲੈਂਸ ਰਾਹੀਂ ਸਰਕਾਰੀ ਹਸਪਤਾਲ ਤਲਵੰਡੀ ਸਾਬੋ ਵਿਖੇ ਭੇਜ ਦਿੱਤੀ ਗਈ ਹੈ। ਮਾਮਲੇ ਦੀ ਜਾਂਚ ਕਰ ਰਹੇ ਰਾਮਾਂ ਥਾਣੇ ਦੇ ਏਐਸਆਈ ਪ੍ਰਕਾਸ਼ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਮਾਤਾ ਜੋਤੀ ਰਾਣੀ ਵਾਸੀ ਮੌੜ ਮੰਡੀ ਨੇ ਪੁਲਿਸ ਨੂੰ ਦਰਜ਼ ਕਰਵਾਏ ਆਪਣੇ ਬਿਆਨਾਂ ਵਿਚ ਮ੍ਰਿਤਕ ਆਪਣੇ ਲੜਕੇ ਦਾ ਨਾਮ ਨਿਖਿਲ ਰਾਣਾ ਵਾਸੀ ਮੌੜ ਮੰਡੀ ਦੱਸਿਆ ਹੈ।ਉਸਨੇ ਦੱਸਿਆ ਕਿ ਕੋਈ ਨਾਮਲੂਮ ਵਾਹਨ ਉਸਦੇ ਲੜਕੇ ਦੇ ਮੋਟਰਸਾਈਕਲ ਨੂੰ ਫੇਟ ਮਾਰ ਕੇ ਫ਼ਰਾਰ ਹੋ ਗਿਆ, ਜਿਸ ਕਾਰਨ ਉਸਦੇ ਲੜਕੇ ਦਾ ਮੋਟਰਸਾਈਕਲ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਖੰਬੇ ਵਿਚ ਜਾ ਵੱਜਿਆ, ਜਿਸ ਨਾਲ ਉਸਦੀ ਮੌਕੇ ’ਤੇ ਹੀ ਮੌਤ ਹੋ ਗਈ। ਪੁਲਿਸ ਵੱਲੋਂ ਜੋਤੀ ਰਾਣੀ ਦੇ ਬਿਆਨਾਂ ’ਤੇ ਨਾਮਲੂਮ ਵਾਹਨ ਚਾਲਕ ਵਿਰੁੱਧ ਮਾਮਲਾ ਦਰਜ਼ ਕਰ ਲਿਆ ਗਿਆ ਹੈ।

